੧ ੴ ਸਤਿਗੁਰ ਪ੍ਰਸਾਦਿ ॥

# ਪੰਜਾਬ ਦੀ ਸਮੱਸਿਆ

## [ਸਿਖ ਮੰਗਾਂ ਦਾ ਵਿਸ਼ਲੇਸ਼ਣ]

ਪ੍ਰੋਫੈਸਰ ਜਸਪਾਲ ਸਿੰਘ

ਮੈਂਬਰ

—ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

—ਅੰਤ੍ਰਿਗ ਕਮੇਟੀ, ਦਿੱਲੀ-ਸ਼੍ਰੋਮਣੀ ਅਕਾਲੀ ਦਲ ਸ੍ਰੀ ਅੰਮ੍ਰਿਤਸਰ

੧ ਓ ਸਤਿਗੁਰ ਪ੍ਰਸਾਦਿ ॥

# ਪੰਜਾਬ ਦੀ ਸਮੱਸਿਆ

## ਸਿਖ ਮੰਗਾਂ ਦਾ ਵਿਸ਼ਲੇਸ਼ਣ

ਪੰਜਾਬ ਅੰਦਰਲੇ ਹਾਲਾਤ ਨਾਲ ਤੇ ਇਸ ਅੰਦਰਲੀ ਬੇਚੈਨੀ ਨਾਲ ਅੱਜ ਸਹੀ ਸੋਚ ਵਾਲੇ ਹਰ ਪੰਜਾਬੀ ਦਾ, ਭਾਵੇਂ ਉਹ ਦੁਨੀਆਂ ਦੇ ਕਿਸੇ ਹਿੱਸੇ ਵਿਚ ਵੱਸਦਾ ਹੈ, ਦਿਲ ਦੁੱਖੀ ਹੈ। ਇਸ ਦੁਖ ਤੋਂ ਹਰ ਭਾਰਤਵਾਸੀ ਵੀ ਪ੍ਰਭਾਵਿਤ ਹੈ ਤੇ ਪੰਜਾਬ ਦੇ ਮਸਲੇ ਦਾ ਫੌਰੀ ਹਲ ਚਾਹੁੰਦਾ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਪੰਜਾਬ ਵਿਚਲੀ ਅੱਗ ਦੇ ਭਾਂਬੜ ਸਾਰੇ ਦੇਸ਼ ਨੂੰ ਵਲੂੰਧਰ ਸਕਦੇ ਹਨ ਤੇ ਇਸ ਦੀ ਹੋਂਦ ਨੂੰ ਵੀ ਖਤਰੇ ਵਿਚ ਪਾ ਸਕਦੇ ਹਨ। ਕੁਝ ਅਜੇਹੀਆਂ ਤਾਕਤਾਂ ਵੀ ਜੋ ਦੇਸ਼ ਦੀ ਅਖੰਡਤਾ ਨੂੰ ਨੁਕਸਾਨ ਪਹੁੰਚਾਣਾ ਚਾਹੁੰਦੀਆਂ ਹਨ ਇਹਨਾਂ ਹਾਲਾਤ ਤੋਂ ਲਾਭ ਉਠਾ ਸਕਦੀਆਂ ਹਨ।

### ਮੋਰਚੇ ਦਾ ਪਿਛੋਕੜ

ਪੰਜਾਬ ਦੀਆਂ ਕੁਝ ਜਾਇਜ਼ ਤੇ ਹੱਕੀ ਮੰਗਾਂ ਦਾ ਨਾ ਮੰਨੇ ਜਾਣਾ ਹੀ ਪੰਜਾਬ ਦੇ ਮਸਲੇ ਦਾ ਮੁੱਢ ਹੈ। ਇਹਨਾਂ ਮੰਗਾਂ ਵਿਚੋਂ ਬਹੁਤੀਆਂ ਇੰਨ ਬਿੰਨ ਉਹੋ ਜੇਹੀਆਂ ਹੀ ਹਨ ਜਿਹੋ ਜੇਹੀਆਂ ਦੇਸ਼ ਦੇ ਦੂਜੇ ਪ੍ਰਾਂਤ ਵਾਸੀ ਆਪਣੇ ਲਈ ਮੰਗਦੇ ਰਹੇ ਹਨ ਅਤੇ ਉਹਨਾਂ ਨੂੰ ਮਨਵਾਉਣ ਵਿਚ ਸਫਲ ਹੋਏ ਹਨ। ਪੰਜਾਬ ਦੀ ਮੁੜ ਸਥਾਪਨਾ ਵੇਲੇ ਜੋ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰਖਕੇ ਦੂਜੇ ਨਾਲ ਲਗਦੇ ਪ੍ਰਾਂਤਾਂ ਵਿਚ ਸ਼ਾਮਲ ਕੀਤੇ ਗਏ ਹਨ ਉਹਨਾਂ ਨੂੰ ਪੰਜਾਬ ਵਿਚ ਸ਼ਾਮਲ ਕਰਨਾ—ਦੂਜੇ ਪ੍ਰਾਂਤਾਂ ਵਾਂਗ ਹੀ ਪੰਜਾਬ ਦੇ ਦਰਿਆਈ ਪਾਣੀਆਂ ਵਿਚੋਂ ਪੰਜਾਬ ਦੇ ਹੱਕੀ ਤੇ ਸਹੀ ਹਿੱਸੇ ਨੂੰ ਪੰਜਾਬ ਨੂੰ ਦੇਣਾ—ਪੰਜਾਬ ਵਿਚਲੇ ਬਿਜਲੀ ਉਤਪਾਦਨ ਤੇ ਦੂਸਰੇ ਪ੍ਰਾਜੈਕਟਾਂ ਨੂੰ ਜੋ ਪੰਜਾਬ ਦੀ

ਜ਼ਰਾਇਤ ਤੋਂ ਸਨਅਤ ਲਈ ਜ਼ਰੂਰੀ ਹਨ ਨੂੰ ਪੰਜਾਬ ਦੇ ਅਧਿਕਾਰ ਵਿਚ ਦੇਣਾ– ਚੰਡੀਗੜ ਸ਼ਹਿਰ ਜੋ ਪੰਜਾਬ ਦੀ ਰਾਜਧਾਨੀ ਵਜੋਂ ਹੀ ਉਸਾਰਿਆ ਗਿਆ ਸੀ, ਨੂੰ ਪੰਜਾਬ ਨੂੰ ਦੇਣਾ ਅਤੇ ਪ੍ਰਾਂਤਾਂ ਤੇ ਸੈਂਟਰ ਦੇ ਅਧਿਕਾਰਾਂ ਨੂੰ ਮੁੜ ਉਲੀਕਣਾ ਤਾਂ ਜੋ ਪ੍ਰਾਂਤ ਆਪਣੇ ਵਧੇਰੇ ਤੇ ਜਾਇਜ਼ ਅਧਿਕਾਰਾਂ ਨਾਲ ਆਪਣੇ ਵਿਕਾਸ ਨੂੰ ਹੋਰ ਤੇਜ਼ ਕਰ ਸਕਣ ਜਿਸ ਨਾਲ ਸਮੁਚੇ ਦੇਸ਼ ਦਾ ਹੀ ਵਿਕਾਸ ਹੋਰ ਤੇਜ਼ ਹੋਣਾ ਹੈ। ਇਹ ਮੰਗਾਂ ਹਰ ਸਹੀ ਸੋਚਣੀ ਦੀ ਤੋਲਣੀ ਵਿਚ ਜਾਇਜ਼ ਅਤੇ ਸਹੀ ਹਨ ਅਤੇ ਮੰਨੀਆਂ ਜਾਣੀਆਂ ਚਾਹੀਦੀਆਂ ਹਨ ਤੇ ਹੁਣ ਤਕ ਮੰਨੀਆਂ ਵੀ ਜਾਂਦੀਆਂ ਜੇ ਸੈਂਟਰ ਦੀ ਸੁਕਾਰ ਤੰਗ ਸਿਆਸੀ ਨਜ਼ਰੀਏ ਨੂੰ ਤਿਆਗ ਦਿੰਦੀ ਅਤੇ ਸਰਕਾਰ ਦੇ ਮੋਹਰੀ ਆਪਣੇ ਤੇ ਆਪਣੀ ਪਾਰਟੀ ਦੇ ਨਿਜੀ ਸਿਆਸੀ ਸਵਾਰਥਾਂ ਤੋਂ ਉਪਰ ਉਠਕੇ ਵਿਚਾਰਦੇ ਤੇ ਨਿਰਣੇ ਲੈਂਦੇ।

ਪਰ ਅਫਸੋਸ ਕਿ ਬਹੁਤੇ ਹਿੰਦੂ ਵੀਰ ਅਕਾਲੀ ਦਲ ਵਲੋਂ ਇਹਨਾਂ ਮੰਗਾਂ ਦੀ ਪ੍ਰਾਪਤੀ ਲਈ ਚਲਾਏ ਜਾ ਰਹੇ ਮੋਰਚੇ ਨੂੰ ਇਕ ਫਿਰਕੇ ਦਾ ਮੋਰਚਾ ਕਰਾਰ ਦੇ ਕੇ ਜੋ ਰੰਗਣ ਚਾੜ੍ਹ ਰਹੇ ਹਨ, ਉਹ ਨਾ ਕੇਵਲ ਇਸ ਮਸਲੇ ਦਾ ਹਲ ਨਹੀਂ ਹੋਣ ਦੇ ਰਿਹਾ ਸਗੋਂ ਸਦੀਆਂ ਪੁਰਾਣੇ ਹਿੰਦੂ–ਸਿਖ ਭਰਾਤਰੀ ਭਾਵ ਦੇ ਸਾਰੇ ਮਾਹੌਲ ਨੂੰ ਗੰਦਲਾ ਕਰ ਰਿਹਾ ਹੈ। ਇਹ ਸਹੀ ਹੈ ਕਿ ਸਿਖਾਂ ਦੀਆਂ ਕੁਝ ਆਪਣੀਆਂ ਧਾਰਮਕ ਮੰਗਾਂ ਵੀ ਹਨ ਜੋ ਕਿ ਉਹਨਾਂ ਦੇ ਆਪਣੇ ਧਾਰਮਕ ਵਿਸ਼ਵਾਸਾਂ ਤੇ ਅਧਾਰਤ ਹਨ ਤੇ ਜੋ ਭਾਰਤ ਦੇ ਵਿਧਾਨ ਵਲੋਂ ਹਰ ਧਰਮ ਨੂੰ ਦਿੱਤੇ ਗਏ ਅਧਿਕਾਰਾਂ ਦੇ ਅਨੁਕੂਲ ਹੀ ਹਨ। ਪਰ ਇਹਨਾਂ ਮੰਗਾਂ ਨੂੰ ਵੀ ਕੁਝ ਤੰਗ ਨਜ਼ਰੀਏ ਵਾਲੇ ਹਿੰਦੂ ਵੀਰਾਂ ਨੇ, ਜੋ ਹਿੰਦੂ ਰਾਸ਼ਟਰ ਦੇ ਸੁਪਨੇ ਲੈ ਰਹੇ ਹਨ ਤੇ ਹਿੰਦੀ, ਹਿੰਦੂ, ਹਿੰਦੁਸਤਾਨ ਦਾ ਨਾਹਰਾ ਲਾ ਰਹੇ ਹਨ, ਫਿਰਕਾ ਪ੍ਰਸਤੀ ਦੀ ਰੰਗਣ ਚਾੜ੍ਹ ਦਿਤੀ ਹੈ।

ਦੁਨੀਆਂ ਦੇ ਅਨੇਕਾਂ ਦੇਸ਼ਾਂ ਵਾਂਗ ਭਾਰਤ ਵੀ ਇਕ ਬਹੁ–ਭਾਸ਼ੀ, ਬਹੁ–ਧਰਮੀ ਤੇ ਬਹੁ–ਕੌਮੀ ਦੇਸ਼ ਹੈ। ਸੰਵਿਧਾਨ ਅਨੁਸਾਰ ਦੇਸ਼ ਦੀ ਹਰ ਭਾਸ਼ਾ, ਧਰਮ ਤੇ ਉਸ ਦੇ ਮੰਨਣ ਵਾਲੀ ਹਰ ਕੌਮ ਨੂੰ ਵੱਸਣ ਤੇ ਵੱਧਣ–ਫੁਲਣ ਦੇ ਬਰਾਬਰ ਦੇ ਅਖਤਿਆਰ ਹਨ। ਤਾਰੀਖ ਗਵਾਹ ਹੈ ਕਿ ਦੇਸ਼ ਦੀ ਵੰਡ ਸਮੇਂ ਸਿਖ ਕੌਮ ਲਈ ਵੀ ਪਾਕਿਸਤਾਨ ਵਾਂਗ ਅਡਰੀ ਧਰਤੀ ਦੀ ਪੇਸ਼ਕਸ਼ ਹੋਈ ਸੀ ਪਰ ਇਸ ਨਿਰੋਲ ਮਨੁਖੀ ਸਾਂਝੀਵਾਲਤਾ ਵਾਲੇ ਧਰਮ ਦੇ ਪੈਰੋਕਾਰਾਂ ਨੇ ਇਸ ਬਹੁ–ਧਰਮੀ, ਬਹੁ–ਭਾਸ਼ੀ ਤੇ ਬਹੁ–ਕੌਮੀ ਦੇਸ਼ ਨਾਲ ਹੀ ਆਪਣੇ ਹੱਕ ਸਾਂਝੇ ਕੀਤੇ ਤੇ ਇਸ ਦੇਸ਼ ਦੀ ਆਜ਼ਾਦੀ ਲਈ, ਬਹੁਤ ਘੱਟ ਗਿਣਤੀ ਵਿਚ ਹੁੰਦਿਆਂ, ਬਹੁਗਿਣਤੀ ਵਾਲੀਆਂ ਕੌਮਾਂ ਨਾਲੋਂ ਕਿਧਰੇ ਵੱਧ ਕੁਰਬਾਨੀਆਂ ਦਿਤੀਆਂ।

ਪਰ ਅਫਸੋਸ ਦੀ ਤੇ ਦੁਖ ਦੀ ਗੱਲ ਹੈ ਕਿ ਇਸ ਭਾਰਤ ਦੇਸ਼ ਵਿਚ ਜਿਥੇ ਘੱਟ-

ਗਿਣਤੀ ਸਿੱਖ, ਮੁਸਲਮਾਨ, ਇਸਾਈ, ਜੈਨੀ, ਬੋਧੀ, ਪਾਰਸੀ, ਯਹੂਦੀ ਇਤਆਦਿ ਧਰਮਾਂ ਦੇ ਲੋਕ ਦੇਸ਼ ਦੀ ਉਨਤੀ ਲਈ ਜੀਅ-ਜਾਨ ਨਾਲ ਰੁਝੇ ਹੋਏ ਹਨ ਤੇ ਹਰ ਕੁਰਬਾਨੀ ਕਰ ਰਹੇ ਹਨ ਉਥੇ ਕੁਝ ਹਿੰਦੂ-ਧਰਮੀ ਫਿਰਕਾ-ਪ੍ਰਸਤਾਂ ਨੇ ਇਸ ਸੈਕੂਲਰ ਦੇਸ਼ ਨੂੰ ਇਕ ਨਿਰੋਲ ਹਿੰਦੂ-ਧਰਮੀ ਦੇਸ਼ ਬਨਾਣ ਦਾ ਬੀੜਾ ਚੁਕਿਆ ਹੋਇਆ ਹੈ ਤੇ ਉਹ ਹਰ ਦੂਜੇ ਧਰਮ ਨੂੰ ਹਿੰਦੂ ਧਰਮ ਵਿਚ ਤੇ ਹਰ ਦੂਜੀ ਭਾਸ਼ਾ ਨੂੰ ਹਿੰਦੀ ਭਾਸ਼ਾ ਵਿਚ ਜਜ਼ਬ ਕਰਨ ਦੇ ਸੁਪਨੇ ਲੈ ਰਹੇ ਹਨ । ਹਿੰਦੂਆਂ ਦੀ 80 ਫੀ ਸਦੀ ਦੀ ਬਹੁਗਿਣਤੀ ਹੁੰਦਿਆਂ ਵੀ ਇਹ ਸ਼ਰਾਰਤੀ ਲੋਕ ਘੱਟ ਗਿਣਤੀਆਂ ਕੋਲੋਂ ਹਿੰਦੂ ਧਰਮ ਨੂੰ ਅਸੁਰਖਿਅਤਾ ਦਾ ਰੌਲਾ ਪਾਕੇ, ਸਿਖਿਆ ਤੇ ਪ੍ਰਸਾਰ ਦੇ ਸਾਧਨਾਂ ਦੀ ਦੁਰਵਰਤੋਂ ਕਰਦੇ ਅਤੇ ਦੂਜੇ ਧਰਮਾਂ ਤੇ ਭਾਸ਼ਾ ਵਾਲਿਆਂ ਨੂੰ ਨਿੰਦ ਕੇ ਸਾਰੇ ਦੇਸ਼ ਵਿਚ ਫਿਰਕਾਪ੍ਰਸਤੀ ਦਾ ਘਿਨਾਉਣਾ ਮਾਹੌਲ ਪੈਦਾ ਕਰ ਰਹੇ ਹਨ । ਇਹਨਾਂ ਹਾਲਾਤ ਵਿਚ ਘਟ ਗਿਣਤੀਆਂ ਆਪਣੇ ਆਪ ਨੂੰ ਇਕ ਘੁਟਣ ਤੇ ਓਪਰੇ ਵਾਤਾਵਰਣ ਵਿਚ ਫੱਸ ਗਈਆਂ ਮਹਿਸੂਸ ਕਰਦੀਆਂ ਹਨ । ਦਸਾਂ ਨੌਹਾਂ ਦੀ ਮਿਹਨਤ ਭਰਪੂਰ ਕਿਰਤ ਕਰਨ ਤੇ ਸਦਾ ਚੜ੍ਹਦੀ ਕਲਾ'ਚ ਰਹਿਣ ਵਾਲੇ,'ਭੈਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ'ਦੇ ਸਿਧਾਂਤ ਵਿਚ ਵਿਸ਼ਵਾਸ ਰਖਣ ਵਾਲੇ, ਆਜ਼ਾਦੀ ਤੇ ਆਜ਼ਾਦ ਵਿਚਾਰਾਂ ਲਈ ਆਪਾ ਵਾਰਣ ਨੂੰ ਤੱਤਪਰ ਰਹਿਣ ਵਾਲੇ ਸਿਖ ਇਹਨਾਂ ਫਿਰਕਾ-ਪ੍ਰਸਤਾਂ ਨੂੰ ਅਜੋਕੇ ਹੀ ਖਟਕ ਰਹੇ ਹਨ । ਸਿਖ ਕੌਮ ਦੇ ਧਾਰਮਕ ਵਿਸ਼ਵਾਸ ਤੇ ਮਾਨਤਾਵਾਂ, ਉਸ ਦੇ ਧਰਮ ਅਸਥਾਨਾਂ, ਉਸ ਦੀ ਪੰਜਾਬੀ ਭਾਸ਼ਾ, ਉਸ ਦਾ ਪੰਜਾਬੀ ਸੂਬਾ ਇਹਨਾਂ ਦੀ ਅੱਖ ਵਿਚ ਰੋੜ ਬਣਕੇ ਰੜਕਣ ਲੱਗ ਪਏ ਹਨ । ਦੁਖ ਹੈ ਕਿ ਪੰਜਾਬ ਦੇ ਜੰਮਪਲ ਤੇ ਪੰਜਾਬ 'ਚ ਵਸਦੇ ਤੇ ਪੰਜਾਬੀ ਬੋਲਦੇ ਤੇ ਸੱਦੀਆਂ ਤੋਂ ਸਿਖਾਂ ਨਾਲ ਖੂਨੀ ਰਿਸ਼ਤਿਆਂ 'ਚ ਜੁੜੇ ਪੰਜਾਬੀ ਹਿੰਦੂ ਵੀ ਇਸ ਘਿਨਾਉਣੀ ਸਾਜ਼ਸ਼ ਦੀ ਲਪੇਟ ਵਿਚ ਆ ਗਏ ਹਨ ।

ਕੇਂਦਰੀ ਸਰਕਾਰ ਦੇ ਨੇਤਾਵਾਂ ਨੇ ਵੀ ਆਪਣੇ ਛੋਟੇ ਸਿਆਸੀ ਹਿਤਾਂ ਨੂੰ ਮੁਖ ਰਖਦਿਆਂ ਹਿੰਦੂ-ਫਿਰਕਾਪ੍ਰਸਤਾਂ ਦੀ ਆਵਾਜ਼ ਵਿਚ ਬੋਲਣਾ ਤੇ ਕੰਮ ਕਰਨਾ ਸ਼ੁਰੂ ਕਰ ਦਿਤਾ ਹੈ ਤਾਂ ਜੋ ਹਿੰਦੂਆਂ ਦੇ ਧਾਰਮਕ ਜਜ਼ਬਾਤਾਂ ਨੂੰ ਉਭਾਰ ਕੇ ਉਹਨਾਂ ਦੀਆਂ ਵੋਟਾਂ ਨੂੰ ਆਪਣੇ ਹੱਕ ਵਿਚ ਕਰ ਲਿਆ ਜਾਵੇ । ਅੱਗੇ ਕਸ਼ਮੀਰ ਵਿਚ ਵੀ ਅਜੇਹੀ ਹੀ ਚਾਲ ਚੱਲੀ ਗਈ ਹੈ । ਪ੍ਰਸਾਰ ਸਾਧਨਾ ਰਾਹੀਂ ਹਿੰਦੂ-ਸਿਖਾਂ ਵਿਚ ਨਫਰਤ ਦਾ ਬੀਜ ਬੀਜਿਆ ਜਾ ਰਿਹਾ ਹੈ । ਅੰਮ੍ਰਿਤਧਾਰੀ ਸਿੰਘਾਂ ਤੇ ਸਿੰਘਣੀਆਂ ਤੇ ਤਸ਼ਦੱਦ ਹੋ ਰਿਹਾ ਹੈ । ਸਿਖ ਨੌਜਵਾਨਾਂ ਨੂੰ ਅਤਵਾਦੀ ਕਹਿ ਕੇ ਝੂਠੇ ਕੇਸਾਂ ਵਿਚ ਫਸਾਇਆ ਜਾ ਰਿਹਾ ਹੈ ਅਤੇ ਝੂਠੇ ਪੁਲਿਸ ਮੁਕਾਬਲੇ ਦਿਖਾ ਕੇ ਕਤਲ ਕੀਤਾ ਜਾ ਰਿਹੈ । ਬਿਨਾ ਤਫਤੀਸ਼ ਕੀਤਿਆਂ ਪੰਜਾਬ 'ਚ ਹੋਣ ਵਾਲੀ ਹਰ ਅਸਮਾਜਕ ਘਟਨਾ ਜਿਵੇਂ ਚੋਰੀ, ਡਾਕੇ ਅਤੇ ਕਤਲ ਆਦਿ ਇਹਨਾਂ ਦੇ ਸਿਰ ਮੜੀ ਜਾ ਰਹੀ ਹੈ ਤੇ ਸਿਖਾਂ ਪ੍ਰਤੀ ਨਫਰਤ ਫੈਲਾਈ ਜਾ ਰਹੀ ਹੈ ।

ਸਿਖ ਜਗਤ ਦੇ ਧਾਰਮਿਕ ਰਹਿਨੁਮਾ ਸੰਤ ਜਰਨੈਲ ਸਿੰਘ ਜੀ'ਖ਼ਾਲਸਾ' ਭਿੰਡਰਾਂਵਾਲਿਆਂ, ਜਿਨ੍ਹਾਂ ਦਾ ਮੁਖ ਟੀਚਾ ਸਿੱਖਾਂ ਨੂੰ ਆਪਣੇ ਧਾਰਮਕ ਅਸੂਲਾਂ ਵਿਚ ਪਰਪੱਕ ਕਰਨਾ ਹੀ ਹੈ, ਨੂੰ ਇਸ ਸਾਜਸ਼ ਦਾ ਮੁਖ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

## ਧਰਮ-ਯੁੱਧ ਮੋਰਚਾ :

ਇਸ ਜ਼ੁਲਮੋਂ ਸਿਤਮ ਦੀ ਹਨੇਰੀ ਨੇ ਮ..ੱਚੇ ਸਿੱਖ ਪੰਥ ਨੂੰ ਵੰਗਾਰ ਦਿਤੀ ਅਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਸਿੱਖੀ ਸਰੂਪ ਦੀ ਰਖਿਆ ਲਈ 19 ਜੁਲਾਈ 1982 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਇਕਵੰਜਾ ਇਕਵੰਜਾ ਸਿੰਘਾਂ ਦੇ ਜਥੇ ਭੇਜਣੇ ਸ਼ੁਰੂ ਕਰ ਦਿਤੇ।

4 ਅਗਸਤ 1982 ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੇ ਹੋਰ ਅਕਾਲੀ ਨੇਤਾਵਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਧਰਮ ਯੁਧ ਮੋਰਚੇ ਦਾ ਡਿਕਟੇਟਰ ਥਾਪ ਦਿਤਾ। ਸਤੰਬਰ ਵਿਚ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਨੰਦਪੁਰੀ ਮਤੇ ਲਈ ਲਾਏ ਗਏ ਦਿਲੀ ਮੋਰਚੇ ਨੂੰ ਛਡਕੇ ਧਰਮ ਯੁਧ ਮੋਰਚੇ ਵਿਚ ਸ਼ਾਮਲ ਹੋ ਗਏ। ਸ੍ਰ:ਸੁਖਜਿੰਦਰ ਸਿੰਘ ਵੀ ਪੰਥਕ ਹਿੱਤਾਂ ਨੂੰ ਮੁਖ ਰਖਦਿਆਂ ਇਸ ਮੋਰਚੇ ਵਿਚ ਆ ਸ਼ਾਮਲ ਹੋਏ। ਪੰਥਕ ਏਕਤਾ ਓਦੋਂ ਬਹੁਤ ਮਜ਼ਬੂਤ ਹੋਈ ਜਦੋਂ ਜਥੇਦਾਰ ਸੰਤੋਖ ਸਿੰਘ ਦੁਆਰਾ ਬਣਾਇਆ ਗਿਆ ਸ਼੍ਰੋਮਣੀ ਅਕਾਲੀ ਦਲ (ਮਾਸਟਰ ਤਾਰਾ ਸਿੰਘ) ਆਪਣੇ ਲੀਡਰ ਜਥੇਦਾਰ ਹਰਬੰਸ ਸਿੰਘ ਫਰੰਟੀਅਰ ਤੇ ਸ੍ਰ: ਅਵਤਾਰ ਸਿੰਘ (ਆਟੋਪਿੰਨ) ਦੇ ਸਿਆਣੇ ਤੇ ਪੰਥਕ ਫੈਸਲੇ ਅਧੀਨ ਆਪਣੇ ਸਹਿਯੋਗੀਆਂ ਤੇ ਵਰਕਰਾਂ ਸਮੇਤ ਸ਼੍ਰੋਮਣੀ ਅਕਾਲੀ ਦਲ, ਅੰਮ੍ਰਿਤਸਰ ਵਿਚ ਸ਼ਾਮਲ ਹੋ ਗਿਆ। ਪੰਥਕ ਏਕਤਾ ਦੀਆਂ ਇਹਨਾਂ ਪੁਲਾਂਘਾਂ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸੁਚੱਜੀ ਲੀਡਰਸ਼ਿਪ ਨੇ ਧਰਮ ਯੁਧ ਮੋਰਚੇ ਦੀ ਸਕਤੀ ਨੂੰ ਸਿਖਰ ਤੇ ਪਹੁੰਚਾ ਦਿਤਾ ਹੈ।

## ਮੁਖ ਮੰਗਾਂ :

ਸਾਡੇ ਨਿਸ਼ਾਨੇ ਸਪਸ਼ਟ ਹਨ ਇਸ ਲਈ ਇਹ ਜ਼ਰੂਰੀ ਹੈ ਕਿ ਸਿੱਖ ਸੰਗਤਾਂ ਨੂੰ ਅਤੇ ਆਮ ਲੋਕਾਂ ਨੂੰ ਵੀ ਧਰਮ ਯੁਧ ਦੇ ਮੁਖ ਮੰਤਵਾਂ ਅਤੇ ਜਿਹਨਾਂ ਮੰਗਾਂ ਨੂੰ ਮੁਖ ਰਖ ਕੇ ਮੋਰਚਾ ਲਾਇਆ ਗਿਆ ਹੈ, ਦੀ ਸਪਸਟ ਦੇ ਵਿਸਥਾਰਿਕ ਜਾਣਕਾਰੀ ਹੋਵੇ। ਅਕਾਲੀ ਦਲ ਵਲੋਂ ਜਿਹਨਾਂ ਮੰਗਾਂ ਦੀ ਪੂਰਤੀ ਲਈ ਸੰਘਰਸ਼ ਚਲ ਰਿਹਾ ਹੈ ਉਹਨਾਂ ਵਿਚੋਂ ਕੁਝ ਸਿਖਾਂ ਦੀਆਂ ਧਾਰਮਕ ਮੰਗਾਂ ਹਨ ਜੋ ਭਾਰਤ ਦੇ ਸੰਵਿਧਾਨ ਦੀ ਭਾਵਨਾ ਦੇ ਅਨੁਕੂਲ ਹਨ ਅਤੇ ਕੁਝ ਰਾਜਨੀਤਕ ਤੇ ਖੇਤਰੀ ਮੰਗਾਂ ਹਨ ਜਿਹੜੀਆਂ ਦੂਜਿਆਂ ਸੂਬਿਆਂ ਦੀਆਂ ਮੰਗਾਂ ਵਰਗੀਆਂ ਹਨ।

ਜਿਥੋਂ ਤਕ ਅਨੰਦਪੁਰ ਸਾਹਿਬ ਦੇ ਮਤੇ ਦਾ ਸਬੰਧ ਹੈ, ਉਸ ਵਿਚ ਤਕਰੀਬਨ

ਇਹਨਾਂ ਸਾਰੀਆਂ ਮੰਗਾਂ ਦਾ ਵਿਸਥਾਰ ਨਾਲ ਜ਼ਿਕਰ ਹੈ। ਅਨੰਦਪੁਰ ਸਾਹਿਬ ਦਾ ਮਤਾ ਤੇ ਹੋਰ ਮੁਖ ਮੰਗਾਂ ਇਸ ਪ੍ਰਕਾਰ ਹਨ :—

## ਅਨੰਦਪੁਰ ਸਾਹਿਬ ਦਾ ਮਤਾ :

ਅਨੰਦਪੁਰ ਸਾਹਿਬ ਦੇ ਮਤੇ ਬਾਰੇ ਲੋਕਾਂ ਵਿਚ ਭੁਲੇਖਾ ਪਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਮਤੇ ਨੂੰ ਵਖਵਾਦੀ, ਅਤਿਵਾਦੀ ਤੇ ਭਾਰਤ ਦੀ ਏਕਤਾ ਤੇ ਅਖੰਡਤਾ ਵਾਸਤੇ ਖਤਰਾ ਕਹਿ ਕੇ ਲੋਕਾਂ ਦੀ ਮੋਰਚੇ ਪ੍ਰਤੀ ਜੋ ਸਹਿਮਤੀ ਤੇ ਸਮਰਥਨ ਹੈ, ਉਸ ਨੂੰ ਠੇਸ ਪਹੁੰਚਾਈ ਜਾ ਰਹੀ ਹੈ।

ਅਸਲ ਵਿਚ ਅਨੰਦਪੁਰ ਸਾਹਿਬ ਦਾ ਮਤਾ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 16, 17 ਅਕਤੂਬਰ 1973 ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਹੋਈ ਇਕੱਤ੍ਰਤਾ ਵਿਚ ਪਾਸ ਕੀਤਾ ਜੋ ਬਾਅਦ ਵਿਚ 28 ਅਗਸਤ 1977 ਨੂੰ ਅਕਾਲੀ ਦਲ ਦੇ ਜਨਰਲ ਇਜਲਾਸ ਵਿਚ ਪ੍ਰਵਾਨ ਹੋਇਆ। ਇਸ ਮਤੇ ਦਾ ਵਿਸਥਾਰ ਇਸ ਪ੍ਰਕਾਰ ਹੈ :—

(1) ਮਤੇ ਦਾ ਪਹਿਲਾ ਅੰਕ 'ਧਰਮ' ਨਾਲ ਸਬੰਧਤ ਹੈ, ਕਿਹਾ ਗਿਆ ਹੈ ਕਿ :

"ਅਕਾਲੀ ਦਲ ਸਿਖਾਂ ਵਿਚ ਧਰਮ ਭਾਵ ਪੈਦਾ ਕਰਨਾ ਤੇ ਉਹਨਾਂ ਵਿਚ ਸਿਖ ਹੋਣ ਉਤੇ ਫਖਰ ਪੈਦਾ ਕਰਨਾ ਆਪਣਾ ਮੁਖ ਮਨੋਰਥ ਸਮਝਦਾ ਹੈ।" ਇਸ ਨਿਸ਼ਾਨੇ ਦੀ ਪੂਰਤੀ ਲਈ ਮਤੇ ਵਿਚ ਜਿਹਨਾਂ ਸਾਧਨਾਂ ਦੀ ਵਰਤੋਂ ਦਾ ਜ਼ਿਕਰ ਹੈ ਉਹ ਇਸ ਪ੍ਰਕਾਰ ਹਨ—ਵਾਹਿਗੁਰੂ ਦੀ ਵਾਹਿਦ ਹਸਤੀ ਦਾ ਪ੍ਰਚਾਰ ਕਰਨਾ, ਦਸ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਤੇ ਦ੍ਰਿੜ੍ਹ ਨਿਸਚਾ ਕਰਾਉਣਾ, ਗੁਰਮਤਿ, ਸਿਖ ਫਲਸਫਾ, ਰਹਿਤ ਮਰਯਾਦਾ ਤੇ ਕੀਰਤਨ ਆਦਿ ਦੇ ਪ੍ਰਚਾਰ ਲਈ ਮਿਸ਼ਨਰੀ ਕਾਲਜ ਵਿਚੋਂ ਚੰਗੇ ਰਾਗੀ, ਢਾਡੀ, ਕਵੀਸ਼ਰ ਪੈਦਾ ਕਰਨੇ, ਅੰਮ੍ਰਿਤ ਪ੍ਰਚਾਰ ਦਾ ਪ੍ਰਬੰਧ ਕਰਨਾ, ਸਿੰਘਾਂ ਵਿਚ ਦਸਵੰਦ ਦਾ ਰਿਵਾਜ ਮੁੜ ਸੁਰਜੀਤ ਕਰਨਾ, ਸਿਖ ਵਿਦਵਾਨਾਂ, ਲਿਖਾਰੀਆਂ, ਪ੍ਰਚਾਰਕਾਂ, ਗ੍ਰੰਥੀਆਂ ਆਦਿ ਦਾ ਕੌਮ ਵਲੋਂ ਵਧ ਤੋਂ ਵਧ ਆਦਰ ਕਰਨ ਲਈ ਪ੍ਰਚਾਰ ਕਰਨਾ, ਗੁਰਦੁਆਰਾ ਪ੍ਰਬੰਧ ਨੂੰ ਸੁਧਾਰਨਾ, ਗੁਰਬਾਣੀ ਦਾ ਵਖ ਵਖ ਭਾਸ਼ਾਵਾਂ ਵਿਚ ਸ਼ੁਧ ਛਪਾਈ ਦਾ ਪ੍ਰਬੰਧ ਕਰਨਾ, ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਲਈ ਉਪਰਾਲੇ ਕਰਨਾ, ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਧਾਮਾਂ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਤੇ ਸੇਵਾ ਸੰਭਾਲ ਦਾ ਪ੍ਰਬੰਧ ਹਾਸਲ ਕਰਨ ਦਾ ਯਤਨ ਕਰਨਾ।

(2) ਮਤੇ ਦੇ ਦੂਸਰੇ ਭਾਗ ਵਿਚ ਰਾਜਨੀਤਕ ਨਿਸ਼ਾਨੇ ਦਾ ਜ਼ਿਕਰ ਇਸ ਪ੍ਰਕਾਰ ਹੈ :-

"ਪੰਥਕ ਰਾਜਸੀ ਨਿਸ਼ਾਨਾ ਨਿਸਚੇ ਤੌਰ ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ,

ਸਿਖ ਇਤਿਹਾਸ ਦੇ ਪੰਨਿਆਂ ਅਤੇ ਖਾਲਸਾ ਪੰਥ ਦੇ 'ਮਨ ਮੰਦਰ' ਵਿਚ ਉਕਰਿਆ ਚਲਿਆ ਆ ਰਿਹਾ ਹੈ, ਜਿਸ ਦਾ ਮਤਲਬ "ਖਾਲਸਾ ਜੀ ਦੇ ਬੋਲਬਾਲੇ ਹੈ।" ਖਾਲਸਾ ਜੀ ਦੇ ਜਨਮ ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ਼, ਕਾਲ ਤੇ ਰਾਜਸੀ ਵਿਧਾਨ ਦੀ ਸਿਰਜਣਾ ਪ੍ਰਾਪਤੀ ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।"

ਰਾਜਸੀ ਨਿਸ਼ਾਨਿਆਂ ਦੀ ਪੂਰਤੀ ਲਈ ਸ਼੍ਰੋਮਣੀ ਅਕਾਲੀ ਦਲ ਹਰ ਸੰਭਵ ਤਰੀਕੇ ਨਾਲ ਜਦੋਜਹਿਦ ਕਰੇਗਾ ਕਿ ਪੰਜਾਬ ਤੋਂ ਬਾਹਰ ਰਹਿ ਗਏ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕੀਤੇ ਜਾਣ, ਪੰਜਾਬ ਤੇ ਦੇਸ਼ ਦੇ ਹੋਰ ਸੂਬਿਆਂ ਵਿਚ ਕੇਂਦਰ ਦਾ ਦਖਲ ਕੇਵਲ ਡੀਫੈਂਸ, ਪ੍ਰਦੇਸੀ ਮਾਮਲਿਆਂ, ਤਾਰ, ਡਾਕ ਤੇ ਰੇਲਵੇ ਅਤੇ ਕਰੰਸੀ ਦੇ ਮਹਿਕਮਿਆਂ ਤੀਕ ਸੀਮਤ ਹੋਵੇ ਅਤੇ ਬਾਕੀ ਸਾਰੇ ਮਹਿਕਮੇ ਪੰਜਾਬ ਤੇ ਹੋਰ ਸੂਬਿਆਂ ਦੇ ਆਪਣੇ ਅਧਿਕਾਰ ਵਿਚ ਹੋਣ। ਪੰਜਾਬੋਂ ਬਾਹਰ ਵਸਣ ਵਾਲੇ ਸਿਖਾਂ ਤੇ ਹੋਰ ਧਾਰਮਿਕ ਘਟ ਗਿਣਤੀਆਂ ਦੇ ਸੁਰਖਿਆ ਤੇ ਪ੍ਰਬੰਧ ਕੀਤੇ ਜਾਣ, ਹਿੰਦੁਸਤਾਨ ਦਾ ਵਿਧਾਨ ਸਹੀ ਅਰਥਾਂ ਵਿਚ ਫੈਡਰਲ ਬਣਾਇਆ ਜਾਵੇ, ਇਤਿਆਦਿ।

(3) ਆਰਥਿਕ ਖੇਤਰ ਵਿਚ ਅਨੰਦਪੁਰ ਦੇ ਮਤੇ ਅਨੁਸਾਰ ਅਕਾਲੀ ਦਲ ਚਾਹੁੰਦਾ ਹੈ ਕਿ ਪੇਂਡੂ ਅਤੇ ਸ਼ਹਿਰੀ ਦੋਵੇਂ ਖੇਤਰਾਂ ਵਿਚ ਅਮੀਰ ਗਰੀਬ ਵਿਚ ਅੰਤਰ ਖਤਮ ਕੀਤਾ ਜਾਵੇ। ਇਸ ਆਰਥਕ ਪ੍ਰੋਗਰਾਮ ਦੇ ਤਿੰਨ ਅੰਗ ਹਨ :

(ੳ) ਕਿਰਤ ਦਾ ਸਤਿਕਾਰ।

(ਅ) ਅਜਿਹੇ ਆਰਥਕ ਅਤੇ ਸਮਾਜਿਕ ਨਿਆਂ ਦਾ ਪ੍ਰਬੰਧ, ਜਿਸ ਵਿਚ ਸਮਾਜ ਦੇ ਦੱਬੇ ਕੁਚਲੇ ਲੋਕਾਂ ਨੂੰ ਉਤਾਂਹ ਚੁਕਣ ਦਾ ਪ੍ਰਬੰਧ ਹੋਵੇ।

(ੲ) ਸਰਮਾਏਦਾਰ ਲੋਕਾਂ ਪਾਸ ਆਰਥਿਕ ਅਤੇ ਰਾਜਸੀ ਤਾਕਤ ਦੇ ਇਕੱਠੇ ਹੋਣ ਦੇ ਵਿਰੁਧ ਲਗਾਤਾਰ ਘੋਲ ਕਰਨਾ।

(4) ਅਨੰਦਪੁਰੀ ਮਤੇ ਦਾ ਚੋਥਾ ਭਾਗ ਵਿਦਿਅਕ ਤੇ ਸਭਿਆਚਾਰਕ ਖੇਤਰ ਨਾਲ ਸਬੰਧਤ ਹੈ। ਇਸ ਖੇਤਰ ਵਿਚ ਸ਼੍ਰੋਮਣੀ ਅਕਾਲੀ ਦਲ ਸਿਖ ਕੌਮ ਨੂੰ ਇਕ ਮਜ਼ਬੂਤ, ਪੜੀ ਲਿਖੀ, ਸੁਘੜ, ਆਪਣੇ ਹਕਾਂ ਤੋਂ ਜਾਣੂ,ਅਡੋ-ਅਡ ਹੁਨਰਾਂ ਵਿਚ ਪ੍ਰਬੀਨ ਤੇ ਉਹਨਾਂ ਦੀ ਕਦਰਦਾਨ ਵੇਖਣਾ ਚਾਹੁੰਦਾ ਹੈ।

**ਧਾਰਮਿਕ ਮੰਗਾਂ :**

ਸ਼੍ਰੋਮਣੀ ਅਕਾਲੀ ਦਲ ਵਲੋਂ ਜੋ ਮੰਗਾਂ ਦਾ ਚਾਰਟਰ ਬਣਾਇਆ ਗਿਆ ਹੈ ਉਸ ਵਿਚ ਕੁਝ ਮੰਗਾਂ ਸਿੱਖ ਧਰਮ ਨਾਲ ਸੰਬੰਧਤ ਹਨ, ਜੋ ਇਸ ਪ੍ਰਕਾਰ ਹਨ :—

1. ਆਲ ਇੰਡੀਆ ਗੁਰਦੁਆਰਾ ਐਕਟ ਬਣਾਇਆ ਜਾਵੇ।

2. ਸਿੱਖਾਂ ਨੂੰ ਹਵਾਈ ਜਹਾਜ਼ ਦੇ ਸਫਰ ਵਿਚ ਕ੍ਰਿਪਾਨ ਲਿਜਾਉਣ ਦੀ ਖੁਲ੍ਹ ਹੋਵੇ ।
3. ਵਿਦੇਸ਼ਾਂ ਵਿਚ ਵਸਦੇ ਸਿੱਖਾਂ ਨੂੰ ਗੁਰਬਾਣੀ ਨਾਲ ਜੋੜਣ ਲਈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 'ਚ ਹਾਈ ਪਾਵਰ ਟ੍ਰਾਂਸਮੀਟਰ ਦੀ ਸਥਾਪਨਾ ਕੀਤੀ ਜਾਵੇ ।
4. ਅੰਮ੍ਰਿਤਸਰ ਸ਼ਹਿਰ ਵਿਚੋਂ ਸਿਗਰਟ ਤੰਮਾਕੂ ਦੀਆਂ ਦੁਕਾਨਾਂ ਚੁਕੀਆਂ ਜਾਣ ਤੇ ਉਸ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿਤਾ ਜਾਵੇ ।

ਸ੍ਰੀਮਤੀ ਇੰਦਰਾ ਗਾਂਧੀ ਨੇ ਧਾਰਮਿਕ ਮੰਗਾਂ ਬਾਰੇ ਇਕ ਦਿਨ ਅਚਨਚੇਤ ਗੁਰਦੁਆਰਾ ਬੰਗਲਾ ਸਾਹਿਬ ਵਿਚ ਆ ਕੇ ਇਕ ਪੱਖਾ ਫੈਸਲਾ ਸੁਣਾ ਦਿਤਾ ਅਤੇ ਕਿਹਾ ਕਿ ਸਰਕਾਰ ਧਾਰਮਿਕ ਮੰਗਾਂ ਮੰਨਣ ਨੂੰ ਤਿਆਰ ਹੈ ਪਰ ਆਲ ਇੰਡੀਆ ਗੁਰਦੁਆਰਾ ਐਕਟ ਬਾਰੇ ਕੋਈ ਨਿਰਣਾ ਜਲਦੀ ਵਿਚ ਨਹੀਂ ਲਿਆ ਜਾ ਸਕਦਾ ਕਿਉਂਕਿ ਇਸ ਦੇ ਸਾਰੇ ਪੱਖਾਂ ਤੇ ਵਿਸਤਾਰ ਨਾਲ ਵਿਚਾਰ ਕੀਤੀ ਜਾਣੀ ਹੈ । ਹਵਾਈ ਸਫਰ ਵਿਚ ਕ੍ਰਿਪਾਨ ਬਾਰੇ ਸਿੱਖਾਂ ਦੀ ਮੰਗ ਸੀ ਕਿ ਕ੍ਰਿਪਾਨ ਤੇ ਪਾਬੰਦੀ ਨਾ ਹੋਵੇ ਪਰ ਹਿੰਦ ਸਰਕਾਰ ਵਲੋਂ ਸ੍ਰੀਮਤੀ ਇੰਦਰਾ ਗਾਂਧੀ ਨੇ ਇਹ ਐਲਾਨ ਕਰਕੇ ਕਿ ਕ੍ਰਿਪਾਨ ਦੀ ਲੰਬਾਈ 9 ਇੰਚ ਤੋਂ ਵਧ ਨਹੀਂ ਹੋਣੀ ਚਾਹੀਦੀ, ਅਸਲ ਵਿਚ ਕ੍ਰਿਪਾਨ ਤੇ ਪਾਬੰਦੀ ਲਾ ਦਿਤੀ । ਇਸੇ ਤਰ੍ਹਾਂ ਕੀਰਤਨ ਪ੍ਰਸਾਰਤ ਕਰਨ ਲਈ ਟਰਾਂਸਮੀਟਰ ਦੀ ਮੰਗ ਬਾਰੇ ਸ੍ਰੀਮਤੀ ਗਾਂਧੀ ਨੇ ਕਿਹਾ ਕਿ ਜਲੰਧਰ ਰੇਡੀਓ ਤੋਂ ਡੇਢ ਘੰਟਾ ਕੀਰਤਨ ਰਿਲੇਅ ਕਰਨ ਦਾ ਇੰਤਜ਼ਾਮ ਕੀਤਾ ਜਾਵੇਗਾ । ਜਲੰਧਰ ਤੋਂ ਕੀਰਤਨ ਰਿਲੇਅ ਕਰਨ ਦਾ ਨਾ ਸਿੱਖਾਂ ਨੇ ਮੁਤਾਲਬਾ ਕੀਤਾ ਸੀ ਤੇ ਨਾ ਹੀ ਸਿੱਖ ਇਸ ਐਲਾਨ ਨੂੰ ਮੰਨਣ ਲਈ ਤਿਆਰ ਹਨ । ਅੰਮ੍ਰਿਤਸਰ ਨੂੰ ਪਵਿੱਤ੍ਰ-ਸ਼ਹਿਰ ਦਾ ਦਰਜਾ ਦੇਣ ਬਾਰੇ ਇਹ ਕਿਹਾ ਗਿਆ ਕਿ ਦੋ ਸੌ ਗਜ ਦੇ ਦਾਇਰੇ 'ਚੋਂ ਤੰਮਾਕੂ ਸਿਗਰਟਾਂ ਦੀਆਂ ਦੁਕਾਨਾਂ ਚੁਕ ਦਿਤੀਆਂ ਜਾਣਗੀਆਂ । ਇਹ ਵੀ ਇਕ ਮਖੌਲ ਦੇ ਤੁਲ ਸੀ । ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਇਕ ਪੱਖਾ ਐਲਾਨ ਅਸਲ ਵਿਚ ਸਿੱਖਾਂ ਨੂੰ ਗੁਮਰਾਹ ਕਰਨ ਤੇ ਉਨ੍ਹਾਂ ਵਿਚ ਅਸਥਿਰਤਾ ਦਾ ਮਾਹੌਲ ਪੈਦਾ ਕਰਨ ਲਈ ਕੀਤਾ ਗਿਆ ਸੀ ।

**ਆਲ ਇੰਡੀਆ ਗੁਰਦੁਆਰਾ ਐਕਟ :**

ਸੈਂਕੜੇ ਸਿੰਘਾਂ ਦੀਆਂ ਸ਼ਹਾਦਤਾਂ, ਡਾਂਗਾਂ, ਗੋਲੀਆਂ, ਟੀਅਰ ਗੈਸਾਂ ਤੇ ਹੋਰ ਤਸੀਹੇ ਸਹਿਣ ਉਪਰੰਤ 1925 ਵਿਚ ਅੰਗਰੇਜ਼ੀ ਸਰਕਾਰ ਨੇ ਪੰਜਾਬ ਸਿੱਖ ਗੁਰਦੁਆਰਾ ਐਕਟ ਬਣਾਇਆ ਤੇ ਸਿੱਖ ਧਰਮ ਅਸਥਾਨਾਂ ਨੂੰ ਉਹਨਾਂ ਮਹੰਤਾਂ ਤੋਂ ਮੁਕਤ ਕਰਾਇਆ ਜੋ ਧਰਮ ਕਰਮ ਭੁਲਾ ਕੇ ਸਵਾਰਥ ਸਿਧੀ ਵਿਚ ਲਗੇ ਹੋਏ ਸਨ ਤੇ ਗੁਰਧਾਮਾਂ ਨੂੰ ਨਿਜੀ ਡੇਰੇ ਸਮਝਣ ਲਗ ਪਏ ਸਨ । ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਲਈ ਵੀ ਪੰਥ ਲੰਮੇ ਸਮੇਂ ਤੋਂ ਸੰਘਰਸ਼ ਕਰ ਰਿਹਾ ਹੈ । ਇਸ ਐਕਟ ਦਾ ਮੁਖ ਮੰਤਵ ਸਾਰੇ

ਇਤਿਹਾਸਕ ਗੁਰਦੁਆਰਿਆਂ ਦੀ ਮਰਯਾਦਾ ਵਿਚ ਇਕ-ਸੁਰਤਾ ਲਿਆਉਣਾ ਹੈ। ਵੇਖਣ ਵਿਚ ਆਇਆ ਹੈ ਕਿ ਪੰਥ ਦੇ ਪੰਜਾਂ ਤਖਤ ਸਾਹਿਬਾਨ ਦੀ ਮਰਯਾਦਾ ਇਕੋ ਜੇਹੀ ਨਹੀਂ ਹੈ। ਗੁਰਦੁਆਰਾ ਸਾਹਿਬਾਨ ਦੀਆਂ ਮਰਯਾਦਾਵਾਂ ਵਿਚ ਇਕਸੁਰਤਾ ਲਿਆਉਣ ਵਾਸਤੇ ਇਕ ਕੇਂਦਰੀ ਸੰਸਥਾ ਦੀ ਲੋੜ ਹੈ। ਕੁਝ ਅਨਭੋਲ ਵਿਅਕਤੀ ਇਸ ਸ਼ਕ ਦਾ ਪ੍ਰਗਟਾਵਾ ਕਰਦੇ ਹਨ ਕਿ ਆਲ ਇੰਡੀਆ ਗੁਰਦੁਆਰਾ ਐਕਟ ਬਣ ਜਾਣ ਨਾਲ ਵਖ ਵਖ ਪ੍ਰਾਂਤਾਂ ਵਿਚਲੇ ਗੁਰਦੁਆਰਿਆਂ ਤੇ ਉਥੇ ਦੇ ਲੋਕਲ ਸਿਖਾਂ ਦਾ ਪ੍ਰਬੰਧ ਵਿਚ ਕੋਈ ਹਿੱਸਾ ਨਹੀਂ ਰਹਿ ਜਾਵੇਗਾ। ਐਸਾ ਸੋਚਣਾ ਤੇ ਕਰਨਾ ਪ੍ਰਬੰਧਕੀ ਨੁਕਤਾ ਨਿਗਾਹ ਨਾਲ ਨਾ ਹੀ ਮੁਮਕਨ ਹੈ ਤੇ ਨਾ ਹੀ ਯੋਗ।

ਅਸਲ ਵਿਚ ਆਲ ਇੰਡੀਆ ਗੁਰਦੁਆਰਾ ਐਕਟ ਪਾਸ ਕਰਨਾ ਅਤੇ ਉਸ ਅਧੀਨ ਇਕ ਕੇਂਦਰੀ ਸੰਸਥਾ ਦੀ ਸਥਾਪਨਾ ਸਮੂਚੇ ਪੰਥ ਵਿਚ ਏਕਤਾ ਅਤੇ ਸਮੂਹ ਸਿਖ ਧਰਮ ਅਸਥਾਨਾਂ ਦੀ ਮਰਯਾਦਾ ਵਿਚ ਇਕਸੁਰਤਾ ਲਿਆਉਣ ਲਈ ਜ਼ਰੂਰੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਵਾਲੀ ਮੰਗ ਧਾਰਮਕ ਮੰਗਾਂ ਚੋਂ ਪ੍ਰਮੁਖ ਮੰਗ ਹੈ। ਪਿਛਲੇ ਕਾਫੀ ਸਮੇਂ ਤੋਂ ਇਸ ਲਈ ਸੰਘਰਸ਼ ਵੀ ਚਲਿਆ ਆ ਰਿਹਾ ਹੈ ਪਰ ਸਰਕਾਰ ਨੇ ਹੁਣ ਤਕ ਇਸ ਵਲ ਕੋਈ ਧਿਆਨ ਨਹੀਂ ਦਿਤਾ ਅਤੇ ਹਮੇਸ਼ਾਂ ਇਹ ਕਹਿ ਕੇ ਟਾਲਦੀ ਰਹੀ ਹੈ ਕਿ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਤੋਂ ਪਹਿਲਾਂ ਪੰਜਾਬ ਤੋਂ ਬਾਹਰ ਦੇ ਸਿਖਾਂ ਦੀ ਰਾਇ ਲੈਣੀ ਜ਼ਰੂਰੀ ਹੈ। ਇਸ ਪ੍ਰਕਾਰ ਹਮੇਸ਼ਾਂ ਸਿੱਖਾਂ ਨੂੰ ਦੋ ਹਿਸਿਆਂ ਵਿਚ ਵੰਡਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ ਇਕ ਉਹ ਜੋ ਪੰਜਾਬ ਵਿਚ ਰਹਿੰਦੇ ਹਨ ਅਤੇ ਦੂਜੇ ਉਹ ਜੋ ਪੰਜਾਬੋਂ ਬਾਹਰ ਰਹਿੰਦੇ ਧਨ।

ਪਰ ਹੁਣ ਜਦੋਂ ਕਿ ਪੰਜਾਬ ਤੋਂ ਬਾਹਰ ਦੀਆਂ ਵਡੀਆਂ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਸੰਗਠਨਾਂ ਨੇ ਵੀ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਦੇ ਹਕ ਵਿਚ ਮਤੇ ਪਾਸ ਕਰ ਦਿਤੇ ਹਨ, ਸਰਕਾਰ ਪਾਸ ਕੋਈ ਬਹਾਨਾ ਨਹੀਂ ਰਹਿ ਜਾਂਦਾ ਕਿ ਇਸ ਮਸਲੇ ਨੂੰ ਹੋਰ ਲਟਕਾਇਆ ਜਾਵੇ। ਦਿੱਲੀ ਗੁਰਦੁਆਰਾ ਕਮੇਟੀ, ਪਟਨਾ ਸਾਹਿਬ ਕਮੇਟੀ, ਪਾਉਂਟਾ ਸਾਹਿਬ ਕਮੇਟੀ, ਹਜ਼ੂਰ ਸਾਹਿਬ ਕਮੇਟੀ, ਬੰਬਈ ਤੇ ਕਲਕਤੇ ਦੀਆਂ ਗੁਰਦੁਆਰਾ ਕਮੇਟੀਆਂ ਨੇ ਇਸ ਐਕਟ ਦੇ ਹਕ ਵਿਚ ਮਤੇ ਪਾਸ ਕਰ ਦਿਤੇ ਹਨ। ਸਰਕਾਰ ਨੂੰ ਹੁਣ ਇਸ ਮਸਲੇ ਵਿਚ ਸਿਖਾਂ ਦੇ ਜਜ਼ਬਾਤ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤੇ ਮੁਆਮਲੇ ਨੂੰ ਜਲਦੀ ਤੋਂ ਜਲਦੀ ਹਲ ਕਰਨਾ ਚਾਹੀਦਾ ਹੈ।

**ਖੇਤਰੀ ਮੰਗਾਂ :**

ਦੇਸ਼ ਦੀ ਆਜ਼ਾਦੀ ਤੋਂ ਬਾਅਦ ਜਦੋਂ ਭਾਸ਼ਾ ਦੇ ਆਧਾਰ ਤੇ ਰਾਜਾਂ ਦਾ ਪੁਨਰ-

ਗਠਨ ਹੋ ਰਿਹਾ ਸੀ ਪੰਜਾਬ ਨਾਲ ਉਸ ਵੇਲੇ ਬਹੁਤ ਵੱਡਾ ਧੱਕਾ ਹੋਇਆ। ਪੰਜਾਬੀ ਭਾਸ਼ਾ ਦੇ ਅਧਾਰ ਤੇ ਪੰਜਾਬੀ ਸੂਬਾ ਬਣਾਉਣ ਲਈ ਕਿਸੇ ਨਵੇਂ ਵਿਧਾਨ ਜਾਂ ਕਾਨੂੰਨ ਦੀ ਲੋੜ ਨਹੀਂ ਸੀ,ਨਾ ਹੀ ਪੰਜਾਬੀ ਸੂਬਾ ਬਣਨ ਨਾਲ ਦੇਸ ਜਾਂ ਦੇਸ਼ ਦੇ ਕਿਸੇ ਹੋਰ ਸੂਬੇ ਦਾ ਨੁਕਸਾਨ ਸੀ ਪਰ ਇਸ ਮਸਲੇ ਨੂੰ ਜਾਣ ਬੁਝ ਕੇ ਇਨਾ ਉਲਝਾਇਆ ਗਿਆ ਕਿ ਪੂਰੇ ਭਾਰਤ ਵਰਸ਼ ਦਾ ਅਮਨ ਖਤਰੇ ਵਿਚ ਪੈ ਗਿਆ। ਇਕ ਪਾਸੇ ਭਾਸ਼ਾ ਦੇ ਆਧਾਰ ਤੇ ਰਾਜਾਂ ਦਾ ਪੁਨਰਗਠਨ ਹੋ ਰਿਹਾ ਸੀ ਦੂਜੇ ਪਾਸੇ ਪੰਜਾਬੀ ਦੇ ਆਧਾਰ ਤੇ ਪੰਜਾਬੀ ਸੂਬੇ ਦੀ ਗਲ ਕਰਨ ਵਾਲਿਆਂ ਤੇ ਤਰ੍ਹਾਂ ਤਰ੍ਹਾਂ ਦੀਆਂ ਪਾਬੰਦੀਆਂ ਲਾ ਦਿੱਤੀਆਂ ਗਈਆਂ। ਅਣਗਿਣਤ ਗ੍ਰਿਫਤਾਰੀਆਂ ਤੇ ਕੁਰਬਾਨੀਆਂ ਤੋਂ ਬਾਅਦ ਪੰਜਾਬੀ ਸੂਬਾ ਬਣਾਉਣ ਦਾ ਐਲਾਨ ਕੀਤਾ ਗਿਆ। ਪਰ ਭਾਰਤੀ ਹੁਕਮਰਾਨਾਂ ਨੇ ਆਪਣੇ ਤੰਗ ਨਜ਼ਰੀਏ ਅਨੁਸਾਰ ਪੰਜਾਬ ਦੀ ਖੇਤਰੀ ਸੀਮਾ ਨੂੰ ਛੋਟੇ ਤੋਂ ਛੋਟਾ ਕਰਨ ਦਾ ਭਰਪੂਰ ਯਤਨ ਕੀਤਾ। ਪੰਜਾਬੀਆਂ ਅਤੇ ਖਾਸ ਤੌਰ ਤੇ ਸਿਖਾਂ ਦੇ ਦਿਲਾਂ ਨੂੰ ਠੇਸ ਪਹੁੰਚਾਉਣ ਲਈ ਅਤੇ ਉਹਨਾਂ ਦੇ ਹਿਤਾਂ ਨੂੰ ਕੁਰਬਾਨ ਕਰਨ ਲਈ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਨਹੀਂ ਕੀਤੇ ਗਏ।

ਜਿਹੜੇ ਇਲਾਕੇ ਪੰਜਾਬ ਨਾਲੋਂ ਤੋੜ ਕੇ ਜਾਣ ਬੁਝ ਕੇ ਪੰਜਾਬੋਂ ਬਾਹਰ ਰਖੇ ਗਏ ਹਨ ਉਹ ਮੁਖ ਤੌਰ ਤੇ ਇਸ ਪ੍ਰਕਾਰ ਹਨ—ਗੁਰਦਾਸਪੁਰ ਵਿਚੋਂ ਡਲਹੌਜ਼ੀ, ਅੰਬਾਲੇ ਜ਼ਿਲੇ ਦਾ ਚੰਡੀਗੜ, ਪਿੰਜੌਰ, ਕਾਲਕਾ ਅਤੇ ਅੰਬਾਲਾ ਸਦਰ ਆਦਿਕ, ਹੁਸ਼ਿਆਰਪੁਰ ਜ਼ਿਲੇ ਦੀ ਸਾਰੀ ਊਨਾ ਤਹਿਸੀਲ, ਨਾਲਾਗੜ੍ਹ ਦਾ 'ਦੇਸ਼' ਨਾਮੀ ਇਲਾਕਾ. ਕਰਨਾਲ ਜ਼ਿਲੇ ਦਾ ਸ਼ਾਹਬਾਦ ਬਲਾਕ ਅਤੇ ਗੂਹਲਾ ਬਲਾਕ ਤੇ ਹਿਸਾਰ ਜ਼ਿਲੇ ਦਾ ਟੋਹਾਨਾ ਸਭ-ਤਹਿਸੀਲਾਂ, ਰਤੀਆ ਬਲਾਕ ਤੇ ਸਰਸੇ ਦੀ ਤਹਿਸੀਲ, ਰਾਜਿਸਥਾਨ ਤੇ ਗੰਗਾ ਨਗਰ ਦੇ ਜ਼ਿਲੇ ਦੀਆਂ ਛੇ ਤਹਿਸੀਲਾਂ ਅਤੇ ਇਨ੍ਹਾਂ ਨਾਲ ਲਗਦੇ ਪੰਜਾਬੀ ਬੋਲਦੇ ਸਿਖ ਵਸੋਂ ਵਾਲੇ ਹੋਰ ਸਾਰੇ ਇਲਾਕੇ। ਸ਼੍ਰੋਮਣੀ ਅਕਾਲੀ ਦਲ ਨੇ ਇਹਨਾਂ ਸਾਰੇ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਨ ਲਈ ਸੰਘਰਸ਼ ਆਰੰਭਿਆ ਹੋਇਆ ਹੈ।

**ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦਾ ਮਸਲਾ :**

ਪਿਛਲੇ ਸਾਲ ਅੰਨ ਭੰਡਾਰ ਵਿਚ 660 ਲਖ ਟਨ ਅਨਾਜ ਪਹੁੰਚਿਆ ਜਿਸ ਵਿਚ ਇਕੱਲੇ ਪੰਜਾਬ ਨੇ 90 ਲਖ ਟਨ ਅਨਾਜ ਅੰਨ ਭੰਡਾਰ ਵਿਚ ਦਿਤਾ ਹੈ। ਪੰਜਾਬ ਦੀ ਪੈਦਾਵਾਰ ਹਰ ਸਾਲ ਵਧ ਰਹੀ ਹੈ। ਪੰਜਾਬੀ ਕਿਸਾਨ ਜਿਥੇ ਮਿਹਨਤ ਤੇ ਮੁਸ਼ੱਕਤ ਨਾਲ ਪੈਦਾਵਾਰ ਵਧਾਉਣ ਲਈ ਯਤਨ ਕਰਦਾ ਹੈ, ਉਥੇ ਉਹ ਨਵੀਨਤਮ ਟੈਕਨਾਲੋਜੀ ਦੀ ਵਰਤੋਂ ਵੀ ਕਰਦਾ ਹੈ। ਇਸ ਦਾ ਪ੍ਰਤਖ ਸਬੂਤ ਇਹ ਹੈ ਕਿ ਜਿਤਨੇ ਟਰੈਕਟਰ ਪੰਜਾਬ ਵਿਚ ਹਨ, ਉਤਨੇ ਬਾਕੀ ਸਾਰੇ ਭਾਰਤ ਵਿਚ ਨਹੀਂ ਹਨ।

ਪਰ ਦੇਸ਼ ਦੇ ਅੰਨ-ਭੰਡਾਰ ਵਿਚ ਇਤਨਾ ਹਿਸਾ ਪਾਉਣ ਵਾਲੇ ਅਤੇ ਦੇਸ਼ ਨੂੰ ਅੰਨ ਦੇ ਖੇਤਰ ਵਿਚ ਸਵੈ-ਨਿਰਭਰ ਕਰਨ ਵਾਲੇ ਪੰਜਾਬ ਨਾਲ ਭਰਪੂਰ ਵਿਤਕਰੇ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਉਸ ਦੇ ਇਲਾਕੇ ਉਸ ਪਾਸੋਂ ਖੋਹਣ ਤੋਂ ਇਲਾਵਾ ਉਸ ਦਾ ਪਾਣੀ ਦੂਜੇ ਸੂਬਿਆਂ ਵਿਚ ਵੰਡ ਦਿਤਾ ਗਿਆ, ਉਸ ਦੇ ਡੈਮ ਖੋਹ ਲਏ ਗਏ ਅਤੇ ਉਸ ਦੇ ਆਪਣੇ ਪਾਣੀ ਤੋਂ ਉਤਪੰਨ ਬਿਜਲੀ ਵਿਚ ਉਸ ਦਾ ਹਿਸਾ ਬਹੁਤ ਘਟਾ ਦਿਤਾ ਗਿਆ।

ਜਿਥੋਂ ਤਕ ਪਾਣੀਆਂ ਦੇ ਮਸਲੇ ਦਾ ਸਵਾਲ ਹੈ—ਪ੍ਰਵਾਨਿਤ ਅੰਤਰਾਜ਼ੀ ਰਵਾਇਤਾਂ ਅਨੁਸਾਰ ਜਿਹੜਾ ਰਾਜ ਜਿਸ ਦਰਿਆ ਦੀ ਘਾਟੀ ਵਿਚ ਆਉਂਦਾ ਹੈ, ਉਸ ਦਰਿਆ ਦੇ ਪਾਣੀਆਂ ਦਾ ਉਹੀ ਰਾਜ ਹਕਦਾਰ ਹੁੰਦਾ ਹੈ। ਇਸ ਕਾਨੂੰਨ ਅਨੁਸਾਰ ਸਿੰਧ ਦਰਿਆ ਦੀ ਘਾਟੀ ਦੇ ਪਾਣੀਆਂ ਤੇ ਪੰਜਾਬ ਦਾ ਹਕ ਹੈ। ਇਸੇ ਤਰ੍ਹਾਂ ਹਰਿਆਣੇ ਦਾ ਗੰਗਾ ਨਦੀ ਦੀ ਘਾਟੀ ਦੇ ਦਰਿਆ ਜਮਨਾ ਦੇ ਪਾਣੀ ਤੇ ਪੂਰਨ ਅਧਿਕਾਰ ਹੈ। ਸਪਸ਼ਟ ਤੌਰ ਤੇ ਜੇ ਇਹ ਕਿਹਾ ਜਾਵੇ ਕਿ ਪੰਜਾਬ ਦਾ ਦਰਿਆ ਜਮਨਾ ਦੇ ਪਾਣੀ ਤੇ ਅਤੇ ਹਰਿਆਣੇ ਦਾ ਸਿੰਧ ਘਾਟੀ ਦੇ ਦਰਿਆਵਾਂ ਦੇ ਪਾਣੀ ਤੇ ਕੋਈ ਹਕ ਨਹੀਂ ਤਾਂ ਇਹ ਗ਼ਲਤ ਨਹੀਂ ਹੋਵੇਗਾ।

ਪਰ ਪੰਜਾਬ ਦੀ ਵੰਡ ਤੋਂ ਬਾਅਦ ਜਾਣ ਬੁਝ ਕੇ ਇਕ ਨਵੀਂ ਬਹਿਸ ਸ਼ੁਰੂ ਕੀਤੀ ਗਈ ਕਿ ਹਰਿਆਣਾ ਕਿਉਂਕਿ ਪੁਨਰਗਠਨ ਤੋਂ ਪਹਿਲਾਂ ਪੰਜਾਬ ਦਾ ਹਿਸਾ ਸੀ, ਇਸ ਲਈ ਪੰਜਾਬ ਦੇ ਪਾਣੀ ਚੋਂ ਉਸ ਨੂੰ ਹਿਸਾ ਮਿਲਣਾ ਚਾਹੀਦਾ ਹੈ। ਜੇ ਇਹ ਮੰਨ ਵੀ ਲਿਆ ਜਾਵੇ ਤਾਂ ਵੀ ਪੰਜਾਬ ਤੇ ਹਰਿਆਣੇ ਦੋਹਾਂ ਸੂਬਿਆਂ ਚੋਂ ਲੰਘਣ ਵਾਲੇ ਦਰਿਆਵਾਂ ਦੇ ਪਾਣੀ ਦੀ ਵੰਡ ਲਈ ਇਕੋ ਜਿਹਾ ਫਾਰਮੂਲਾ ਬਣਾਉਣਾ ਚਾਹੀਦਾ ਸੀ। ਪਰ ਪਾਣੀ ਦੀ ਵੰਡ ਲਈ ਐਸੇ ਫਾਰਮੂਲੇ ਬਣਾਏ ਜਾਂਦੇ ਰਹੇ ਹਨ,ਜਿਸ ਨਾਲ ਪੰਜਾਬ ਨਾਲ ਅਨਿਆਂ ਦਾ ਇਕ ਨਵਾਂ ਰੂਪ ਸਾਹਮਣੇ ਆਉਂਦਾ ਹੈ।

ਪੰਜਾਬ ਦੇ ਪੁਨਰਗਠਨ ਤੋਂ ਪਹਿਲਾਂ ਰਾਵੀ-ਬਿਆਸ ਦੇ ਕੁਲ 70 ਲਖ ਏਕੜ ਫੁਟ ਪਾਣੀ ਚੋਂ 50 ਲਖ ਏਕੜ ਫੁਟ ਪਾਣੀ ਮੌਜੂਦਾ ਪੰਜਾਬ ਤੇ 20 ਲਖ ਏਕੜ ਫੁਟ ਪਾਣੀ ਹਰਿਆਣਾ ਇਸਤੇਮਾਲ ਕਰਦਾ ਸੀ। ਜੇ ਨਿਆਂਪੂਰਣ ਵੰਡ ਕਰਨੀ ਹੋਵੇ ਤਾਂ ਰਾਵੀ ਬਿਆਸ ਦੇ ਨਾਲ ਨਾਲ ਹਰਿਆਣੇ ਦੇ ਦਰਿਆ ਜਮਨਾ ਦੇ ਪਾਣੀ ਦਾ ਵੀ ਹਿਸਾਬ ਲਾ ਕੇ ਪੰਜਾਬ ਤੇ ਹਰਿਆਣੇ ਨੂੰ ਕਾਨੂੰਨ ਦੇ ਆਧਾਰ ਤੇ ਵੰਡਿਆ ਜਾਣਾ ਚਾਹੀਦਾ ਸੀ। ਪਰ ਐਸਾ ਨਹੀਂ ਕੀਤਾ ਗਿਆ। 1966 ਵਿਚ ਇਕ ਕਾਨੂੰਨ ਬਣਾ ਕੇ ਕੇਵਲ ਰਾਵੀ ਬਿਆਸ ਦੇ 70 ਲਖ ਏਕੜ ਫੁਟ ਪਾਣੀ ਨੂੰ ਪੰਜਾਬ ਤੇ ਹਰਿਆਣੇ ਵਿਚ 60-40 ਅਨੁਸਾਰ ਵੰਡਣ ਦਾ ਫੈਸਲਾ ਕੀਤਾ ਗਿਆ। ਇਸ

ਅਨੁਸਾਰ ਪੰਜਾਬ ਦਾ ਹਿਸਾ 42 ਲਖ ਏਕੜ ਫੁਟ ਰਹਿ ਗਿਆ ਤੇ ਹਰਿਆਣੇ ਦੇ ਹਿਸੇ 28 ਲਖ ਏਕੜ ਫੁਟ ਆਇਆ ਤੇ ਨਾਲ ਜਮਨਾ ਦਰਿਆ ਦਾ ਸਾਰਾ ਪਾਣੀ ਵੀ ਉਸ ਨੂੰ ਮਿਲ ਗਿਆ। 1975 ਵਿਚ ਪੰਜਾਬ ਦਾ ਹਿਸਾ 10 ਹਜ਼ਾਰ ਏਕੜ ਫੁਟ ਹੋਰ ਕਟ ਕੇ ਹਰਿਆਣੇ ਨੂੰ ਦਿਤਾ ਗਿਆ। 1981 ਵਿਚ ਫਿਰ ਪੰਜਾਬ ਦੇ ਹਿਸੇ ਚੋਂ ਹੋਰ ਪਾਣੀ ਕਟਿਆ ਗਿਆ। ਇਸ ਪ੍ਰਕਾਰ ਪੁਨਰਗਠਨ ਤੋਂ ਪਹਿਲਾਂ ਜਿਸ ਪੰਜਾਬ ਨੂੰ 50 ਲਖ ਏਕੜ ਫੁਟ ਪਾਣੀ ਮਿਲਦਾ ਸੀ ਉਸ ਦਾ ਹਿਸਾ ਘਟਾ ਕੇ 38 ਲਖ 30 ਹਜ਼ਾਰ ਏਕੜ ਫੁਟ ਕਰ ਦਿਤਾ ਗਿਆ ਤੇ ਜਿਸ ਹਰਿਆਣੇ ਨੂੰ 20 ਲਖ ਏਕੜ ਫੁਟ ਪਾਣੀ ਮਿਲਦਾ ਸੀ, ਉਸ ਦਾ ਹਿਸਾ ਵਧਾ ਕੇ 31 ਲਖ 70 ਹਜ਼ਾਰ ਏਕੜ ਫੁਟ ਕਰ ਦਿਤਾ ਗਿਆ ਤੇ ਜਮਨਾ ਦਰਿਆ ਦਾ ਸਾਰਾ ਪਾਣੀ ਵੀ ਉਸ ਨੂੰ ਮਿਲ ਗਿਆ। ਹੁਣ ਪੰਜਾਬ ਦਾ ਹਿਸਾ ਹੋਰ ਘਟਾ ਕੇ ਰਾਜਿਸਥਾਨ ਨੂੰ ਪਾਣੀ ਦਿਤਾ ਗਿਆ ਹੈ। ਇਸ ਨਾਲ ਪੰਜਾਬ ਦੇ ਕਿਸਾਨ ਨੂੰ ਬਹੁਤ ਜ਼ਿਆਦਾ ਨੁਕਸਾਨ ਪੁਜਾ ਹੈ।

ਸ਼੍ਰੋਮਣੀ ਅਕਾਲੀ ਦਲ ਦੀ ਮੰਗ ਹੈ ਕਿ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦੇ ਸਮੁਚੇ ਸਵਾਲ ਦਾ ਫੈਸਲਾ ਸੁਪਰੀਮ ਕੋਰਟ ਭਾਰਤੀ ਵਿਧਾਨ ਅਨੁਸਾਰ ਕਰੇ। ਕੇਂਦਰੀ ਸਰਕਾਰ ਨੂੰ ਪੰਜਾਬ ਦੇ ਦਰਿਆਵਾਂ ਦੇ ਪਾਣੀ ਨੂੰ ਹੋਰ ਪ੍ਰਾਂਤਾਂ ਵਿਚ ਵੰਡਣ ਦਾ ਕੋਈ ਵਿਧਾਨਕ ਹਕ ਹਾਸਲ ਨਹੀਂ। ਵਿਧਾਨ ਦੀ ਸੂਬਕ ਲਿਸਟ ਦੇ ਸਤਾਰਵੇਂ ਅੰਕ ਅਨੁਸਾਰ ਸਿੰਚਾਈ ਤੇ ਬਿਜਲੀ ਦੇ ਮਹਿਕਮੇ ਸੂਬੇ ਦੀਆਂ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਹਨ। ਜਿਨਾਂ ਚਿਰ ਵਿਧਾਨ ਵਿਚ ਤਰਮੀਮ ਨਾ ਕੀਤੀ ਜਾਵੇ, ਪਾਰਲੀਮੈਂਟ ਨੂੰ ਇਹਨਾਂ ਮਹਿਕਮਿਆਂ ਨੂੰ ਕੇਂਦਰ ਦੇ ਹਥ ਦੇਣ ਵਾਲਾ ਕਾਨੂੰਨ ਬਣਾਉਣ ਦਾ ਕੋਈ ਹਕ ਨਹੀਂ। ਪਰ ਪੰਜਾਬ ਰਿਆਰਗੇਨਾਈਜ਼ੇਸ਼ਨ ਐਕਟ ਪਾਸ ਕਰ ਕੇ ਉਸ ਦੀ 78 ਤੇ 80 ਧਾਰਾ ਅਧੀਨ ਕੇਂਦਰ ਨੇ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਤੇ ਬਿਜਲੀ ਨੂੰ ਵੰਡਣ ਦਾ ਅਧਿਕਾਰ ਅਤੇ ਸਾਰੇ ਪ੍ਰੋਜੈਕਟਾਂ ਤੇ ਡੈਮਾਂ ਦਾ ਕੰਟਰੋਲ ਪੰਜਾਬ ਕੋਲੋਂ ਖੋਹ ਕੇ ਆਪਣੇ ਹਥ ਵਿਚ ਲੈ ਲਿਆ। ਇਸ ਦੇ ਉਲਟ ਜਮਨਾ ਦੇ ਪਾਣੀ ਅਤੇ ਉਸ ਨਾਲ ਸਬੰਧਤ ਪ੍ਰੋਜੈਕਟਾਂ ਤੇ ਡੈਮਾਂ ਦਾ ਪ੍ਰਬੰਧ ਹਰਿਆਣਾ ਸਰਕਾਰ ਦੇ ਅਧਿਕਾਰ ਵਿਚ ਰਹਿਣ ਦਿਤਾ ਹੈ।

ਪੰਜਾਬ ਨਾਲ ਪਾਣੀਆਂ ਦੇ ਸਬੰਧ ਵਿਚ ਜੋ ਸਰਾਸਰ ਧਕਾ ਹੋ ਰਿਹਾ ਹੈ, ਉਹ ਖਤਮ ਕਰਨ ਦਾ ਇਕੋ ਤਰੀਕਾ ਹੈ ਕਿ ਸੁਪਰੀਮ ਕੋਰਟ ਪੰਜਾਬ ਰੀਆਰਗੇਨਾਈਜ਼ੇਸ਼ਨ ਐਕਟ ਦੀਆਂ 78 ਤੇ 80 ਧਾਰਾਵਾਂ ਰਦ ਕਰ ਦੇਵੇ। ਇਥੇ ਇਹ ਸਪਸ਼ਟ ਹੈ ਕਿ ਕਮਿਸ਼ਨ ਜਾਂ ਟ੍ਰਿਬਿਊਨਲ ਬਣਾਉਣ ਨਾਲ ਇਹ ਮਸਲਾ ਹਲ ਨਹੀਂ ਹੋ ਸਕਦਾ ਕਿਉਂਕਿ ਉਪ੍ਰੋਕਤ ਧਾਰਾਵਾਂ ਨੂੰ ਰਦ ਕਰਨ ਦਾ ਅਖ਼ਤਿਆਰ ਇਹਨਾਂ ਕਮਿਸ਼ਨਾਂ ਜਾਂ

ਟ੍ਰਿਬਿਊਨਲਾਂ ਨੂੰ ਪ੍ਰਾਪਤ ਨਹੀਂ ਹੋ ਸਕਦਾ, ਇਹ ਕੇਵਲ ਅਦਾਲਤ ਹੀ ਕਰ ਸਕਦੀ ਹੈ।

ਅਕਾਲੀ ਸਰਕਾਰ ਵੇਲੇ ਇਕ ਮੁਕਦਮਾ ਵਿਧਾਨ 131 ਧਾਰਾ ਅਧੀਨ ਕੀਤਾ ਗਿਆ ਸੀ, ਜਿਸ ਵਿਚ ਇਹਨਾਂ ਗ਼ੈਰ ਵਿਧਾਨਕ ਧਾਰਾਵਾਂ ਨੂੰ ਰਦ ਕਰਨ ਤੇ ਪੰਜਾਬ ਨੂੰ ਪਾਣੀਆਂ ਦੇ ਮਸਲੇ ਵਿਚ ਇਨਸਾਫ਼ ਦਵਾਉਣ ਦਾ ਮੁਤਾਲਬਾ ਕੀਤਾ ਗਿਆ ਸ਼ੀ। ਪਰ 1980 ਵਿਚ ਕਾਂਗਰਸ ਸਰਕਾਰ ਆਉਣ ਤੋਂ ਬਾਅਦ ਇਹ ਮੁਕਦਮਾ ਪੰਜਾਬ ਸਰਕਾਰ ਨੇ ਵਾਪਸ ਲੈ ਲਿਆ ਤੇ 31 ਦਸੰਬਰ 1981 ਨੂੰ ਪ੍ਰਧਾਨ ਮੰਤਰੀ ਨੇ ਪਾਣੀ ਦੀ ਵੰਡ ਸਬੰਧੀ ਵਿਤਕਰੇ ਭਰਪੂਰ ਇਕਤਰਫਾ ਐਲਾਨ ਕਰ ਦਿਤਾ। ਅਕਾਲੀ ਦਲ ਇਸ ਐਲਾਨ ਨੂੰ ਕਦਾਚਿਤ ਮੰਨਣ ਲਈ ਤਿਆਰ ਨਹੀਂ। ਉਸਦੀ ਮੰਗ ਹੈ ਕਿ ਪਿਛਲੇ ਸਾਰੇ ਸਰਕਾਰੀ ਫੈਂਸਲੇ ਰਦ ਕਰ ਕੇ ਪਾਣੀ ਦੇ ਮਸਲੇ ਨੂੰ ਦੇਸ਼ ਦੀ ਸੁਪਰੀਮ ਕੋਰਟ ਵਿਧਾਨ ਮੁਤਾਬਕ ਹਲ ਕਰੇ।

## ਸਿੱਖ ਇਕ ਵੱਖਰੀ ਕੌਮ ਹੈ :

'ਕੌਮ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸਦੇ ਅਰਥ 'ਇਕ ਨਸਲ', 'ਇਕ ਵਰਗ', 'ਇਕ ਫਿਰਕਾ' ਜਾਂ 'ਇਕ ਕਬੀਲਾ' ਇਤਿਆਦਿ ਕੀਤੇ ਜਾਂਦੇ ਹਨ। 'ਕੌਮ' ਸ਼ਬਦ ਦਾ ਅੰਗਰੇਜ਼ੀ ਤਰਜਮਾ ਨੇਸ਼ਨ ਹੈ ਅਤੇ 'ਇਨਸਾਈਕਲੋਪੀਡੀਆ ਆਫ ਸ਼ੋਸਲ ਸਾਇੰਸਜ਼' ਵਿਚ ਇਸ ਸ਼ਬਦ ਦੀ ਉਤਪਤੀ 'Nasci' ਧਾਤੂ ਤੋਂ ਦਸੀ ਜਾਂਦੀ ਹੈ। ਜਿਸਦਾ ਅਰਥ 'ਪੈਦਾ ਹੋਣਾ' ਹੈ। ਇਸ ਪ੍ਰਕਾਰ ਨੇਸ਼ਨ ਦਾ ਅਰਥ ਇਕ ਥਾਂ ਤੇ ਪੈਦਾ ਹੋਏ ਮਨੁਖਾਂ ਦੇ ਸਮੂਹ ਬਣਦਾ ਹੈ। ਆਮ ਤੌਰ ਤੇ ਵਿਦਵਾਨਾਂ ਦੀ ਇਸ ਗਲ ਤੇ ਸਹਿਮਤੀ ਹੈ ਕਿ ਕੌਮ ਜਾਂ ਨੇਸ਼ਨ ਉਸ ਮਨੁਖੀ ਸਮੂਹ ਨੂੰ ਕਿਹਾ ਜਾਂਦਾ ਹੈ ਜੋ ਕਿਸੇ ਇਕ ਇਲਾਕੇ ਦੇ ਵਸਨੀਕ ਹੋਣ, ਜਿਹਨਾਂ ਦਾ ਸਭਿਆਚਾਰਕ ਪਿਛੋਕੜ ਇਕ ਹੋਵੇ, ਜਿਹਨਾਂ ਦਾ ਇਤਿਹਾਸ ਸਾਂਝਾ ਹੋਵੇ, ਜਿਹਨਾਂ ਵਿਚ ਬੋਲੀ ਤੇ ਰਹਿਣੀ-ਬਹਿਣੀ ਦੀ ਏਕਤਾ ਹੋਵੇ ਅਤੇ ਜੋ ਕਿਸੇ ਸਾਂਝੇ ਰਾਜ-ਪ੍ਰਬੰਧ ਅਧੀਨ ਰਹਿੰਦੇ ਹੋਣ।

ਭਾਰਤ ਦੇ ਭੂਤ-ਪੂਰਵ ਰਾਸ਼ਟਰਪਤੀ ਪ੍ਰਸਿਧ ਵਿਦਵਾਨ ਡਾ. ਰਾਧਾ ਕ੍ਰਿਸ਼ਨਨ ਦੇ ਕਥਨ ਅਨੁਸਾਰ—ਕੌਮ ਨਿਰੇ ਜਨਸਮੂਹ ਦਾ ਇਕੱਠ ਨਹੀਂ, ਸਗੋਂ ਕੌਮ ਉਸ ਸਮਾਜ ਦਾ ਨਾਂ ਹੈ, ਜਿਸ ਦੇ ਮੈਂਬਰਾਂ ਦੇ ਮਨ ਤੇ ਆਤਮਾਵਾਂ ਵਿਚ ਡੂੰਘੀ ਪ੍ਰਸਪਰ ਸਾਂਝ ਹੋਵੇ। ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਖਾਲਸਾ ਪੰਥ ਦੀ ਸਿਰਜਨਾ ਕੀਤੀ, ਉਸਦੀ ਨੀਂਹ ਵਿਚ ਮਾਨਸਿਕ ਤੇ ਆਤਮਿਕ ਸਾਂਝ ਦਾ ਅਦਭੁਤ ਸੁਮੇਲ ਕੰਮ ਕਰ ਰਿਹਾ ਹੈ। ਪ੍ਰਸਿਧ ਇਤਿਹਾਸਕਾਰ ਡਾ. ਗੋਕਲ ਚੰਦ ਨਾਰੰਗ ਨੇ ਆਪਣੀ ਪੁਸਤਕ—

'ਟ੍ਰਾਂਸਫਾਰਮੇਸ਼ਨ ਆਫ ਸਿਖਇਜ਼ਮ' ਵਿਚ ਇਕ ਅਧਿਆਇ ਦਾ ਸਿਰਲੇਖ ਇਹ ਰਖਿਆ ਹੈ—'**Gobind Creates A Nation**' ਅਰਥਾਤ ਗੁਰੂ ਗੋਬਿੰਦ ਸਿੰਘ ਨੇ ਇਕ ਕੌਮ ਪੈਦਾ ਕੀਤੀ ਹੈ। ਇਸੇ ਕਿਤਾਬ ਵਿਚ ਇਕ ਥਾਂ ਤੇ ਉਸ ਨੇ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਸਿਖਾਂ ਦੀਆਂ ਕੌਮੀ ਭਾਵਨਾਵਾਂ ਧਰਮ ਦੇ ਰੂਪ ਵਿਚ ਬਦਲ ਦਿਤੀਆਂ ਅਤੇ ਉਹਨਾਂ ਦੀ ਕੌਮੀਅਤ ਨੂੰ ਹੀ ਉਹਨਾਂ ਦਾ ਧਰਮ ਬਣਾ ਦਿਤਾ।

ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰਖੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਮੁਕੰਮਲ ਸਰੂਪ ਬਖਸ਼ਿਆ ਅਤੇ ਖਾਲਸਾ ਪੰਥ ਇਕ ਧਰਮ ਦੇ ਨਾਲ ਨਾਲ ਇਕ ਵਿਲੱਖਣ ਸਮਾਜਕ, ਸਭਿਆਚਾਰਕ ਤੇ ਵਿਚਾਰਧਾਰਕ ਸੰਗਠਨ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਇਆ। ਇਕ ਗੱਲ ਬਹੁਤ ਸਪਸ਼ਟ ਹੈ ਕਿ ਸਿੱਖਾਂ ਦੀ ਧਾਰਮਿਕ ਰਹੁ-ਰੀਤੀ, ਸਮਾਜਕ ਰਸਮੋ ਰਿਵਾਜ, ਸਭਿਆਚਾਰਕ ਵਤੀਰਾ ਅਤੇ ਵਿਚਾਰਧਾਰਾ ਦੇ ਪ੍ਰੇਰਨਾ ਸ੍ਰੋਤ ਹਿੰਦੁਸਤਾਨ ਵਿਚ ਵਸਦੀਆਂ ਹੋਰ ਕੌਮਾਂ ਕੋਲੋਂ ਵਖਰੇ ਹਨ ਅਤੇ ਇਹਨਾਂ ਵਿਲਖਣਤਾਵਾਂ ਦੇ ਆਧਾਰ ਤੇ ਸਿੱਖ ਆਪਣੇ ਆਪ ਨੂੰ ਇਕ ਵਖਰੀ ਕੌਮ ਕਹਿੰਦੇ ਹਨ ਤੇ ਆਪਣੀ ਆਜ਼ਾਦ ਹਸਤੀ ਦੇ ਅਲੰਬਰਦਾਰ ਹਨ। ਹਿੰਦੁਸਤਾਨ ਤੋਂ ਇਲਾਵਾ ਵਿਸ਼ਵ ਵਿਚ ਹੋਰ ਬਹੁਤ ਸਾਰੇ ਦੇਸਾਂ ਵਿਚ ਵੀ ਵਖ ਵਖ ਕੌਮਾਂ ਵਸਦੀਆਂ ਹਨ ਤੇ ਉਹਨਾਂ ਨੂੰ 'ਕੌਮ' ਦਾ ਦਰਜਾ ਪ੍ਰਾਪਤ ਹੈ। ਰੂਸ ਵਿਚ 'ਆਰਮੀਨੀਅਨ' ਭਾਵ ਈਸਾਈ; ਅੱਜ਼ਰਬਾਈਸਾਨੀਅਨ ਦਾ ਭਾਵ ਮੁਸਲਮਾਨ, ਉਜਬੇਕ, ਕਜ਼ਾਕ ਇਤਿਆਦੀ ਕੌਮਾਂ ਵਸਦੀਆਂ ਹਨ।

ਇਹ ਗਲ ਇਥੇ ਸਪਸ਼ਟ ਕਰਨ ਵਾਲੀ ਹੈ ਕਿ ਤਕਰੀਬਨ ਸਾਰੇ ਸਿੱਖ ਲੀਡਰ ਵਾਰ ਵਾਰ ਇਹ ਕਹਿ ਚੁਕੇ ਹਨ ਕਿ ਜੇ ਸਿੱਖ ਆਪਣੇ ਆਪ ਨੂੰ ਕੌਮ ਮੰਨਦੇ ਹਨ ਤਾਂ ਉਸਦਾ ਇਹ ਅਰਥ ਨਹੀਂ ਕਿ ਉਹ ਭਾਰਤ ਤੋਂ ਵਖ ਹੋਣਾ ਚਾਹੁੰਦੇ ਹਨ ਜਾਂ ਉਹ ਭਾਰਤੀ ਨਹੀਂ ਹਨ। ਸਗੋਂ ਇਤਿਹਾਸ ਦੇ ਤੱਥ ਇਸ ਗਲ ਦੇ ਗਵਾਹ ਹਨ ਕਿ ਭਾਰਤ ਦੀ ਆਜ਼ਾਦੀ ਤੇ ਵਿਕਾਸ ਵਿਚ ਜਿਤਨਾ ਸਿੱਖ ਕੌਮ ਦਾ ਹਿੱਸਾ ਹੈ ਉਤਨਾ ਬਾਕੀ ਸਾਰੀਆਂ ਕੌਮਾਂ ਦਾ ਕੁਲ ਮਿਲਾ ਕੇ ਵੀ ਨਹੀਂ ਹੈ। ਅਸਲ ਵਿਚ ਭਾਰਤ ਇਕ ਬਹੁ-ਰਾਸ਼ਟਰੀ ਦੇਸ਼ ਹੈ ਅਤੇ ਇਸ ਵਿਚ ਬਹੁਤ ਸਾਰੀਆਂ ਕੌਮੀਅਤਾਂ ਹਨ ਜੋ ਭਾਰਤੀ ਹੋਣ ਦੇ ਨਾਤੇ ਸਹਿ-ਅਸਤਿਤਵ ਦੀ ਭਾਵਨਾ ਨਾਲ ਇਕ ਦੂਜੇ ਦੇ ਪਿਆਰ ਤੇ ਸਤਿਕਾਰ ਕਾਇਮ ਰਖਣ ਕਰਕੇ ਇਕ ਹਦਬੰਦੀ ਅੰਦਰ ਨਿਸਚਿਤ ਖੇਤਰ ਵਿਚ ਵਸਦੀਆਂ ਹਨ।

ਉਪਰੋਕਤ ਮਸਾਲਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸਿਖਾਂ ਦੀ ਅਡਰੀ ਤੇ ਆਜ਼ਾਦ ਹੋਂਦ ਹੈ ਅਤੇ ਉਹ ਇਕ ਵਖਰੀ ਕੌਮ ਹਨ। ਇਹ ਵੀ ਸਪਸ਼ਟ ਹੈ ਕਿ ਵਿਧਾਨ ਵਿਚ

ਤਰਮੀਮ ਕਰਕੇ ਸਿਖਾਂ ਨੂੰ ਵਖ ਕੌਮ ਵਜੋਂ ਮਾਨਤਾ ਦੀ ਮੰਗ ਹੀ ਸਿਖਾਂ ਦੀ ਵਿਆਪਕ ਤੇ ਅਸਲ ਮੰਗ ਹੈ ਤੇ ਸਾਰੀ ਕੌਮ ਇਸ ਮੰਗ ਦੀ ਡਟ ਕੇ ਹਾਮੀ ਹੈ ।

ਉਪਰਲੇ ਸਾਰੇ ਵਿਸਥਾਰ ਤੋਂ ਇਸ ਵਿਚ ਕਿਸੇ ਸ਼ਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਸਿਖਾਂ ਦੀਆਂ ਸਾਰੀਆਂ ਮੰਗਾਂ ਸੰਵਿਧਾਨਕ ਹਨ ਅਤੇ ਨਿਆਂ ਤੇ ਆਧਾਰਤ ਹਨ । ਇਹਨਾਂ ਮੰਗਾਂ ਦੀ ਪੂਰਤੀ ਨਾਲ ਜਿਥੇ ਸਿਖਾਂ ਦੀ ਸੰਤੁਸ਼ਟੀ ਹੁੰਦੀ ਹੈ ਤੇ ਪੰਜਾਬ ਨੂੰ ਫਾਇਦਾ ਹੁੰਦਾ ਹੈ ਉਥੇ ਸਾਰੇ ਭਾਰਤ ਦੇ ਵਿਕਾਸ ਵਿਚ ਵੀ ਉਘਾ ਹਿਸਾ ਪੈ ਸਕਦਾ ਹੈ ।

ਅਕਾਲੀ ਦਲ ਨੇ ਲਖਾਂ ਦੀ ਗਿਣਤੀ ਵਿਚ ਗ੍ਰਿਫਤਾਰੀਆਂ ਦੇ ਕੇ, 200 ਦੇ ਕਰੀਬ ਸਿੰਘ ਸ਼ਹੀਦ ਕਰਾਕੇ, 'ਰਾਹ ਰੋਕੋ', 'ਰੇਲ ਰੋਕ', 'ਕੰਮ ਰੋਕੋ' ਅਤੇ ਹੋਰ ਕਈ ਹੀਲਿਆਂ ਨਾਲ ਸਰਕਾਰ ਨੂੰ ਹਲੂਣ ਦਿਤਾ ਹੈ ਅਤੇ ਸਿਖਾਂ ਦੀ ਸਿਆਸੀ ਤਾਕਤ ਤੇ ਧਾਰਮਕ ਦ੍ਰਿੜਤਾ ਤੋਂ ਜਾਣੂ ਕਰਵਾਇਆ ਹੈ । ਸਿਖ ਵਿਦਿਆਰਥੀ ਤੇ ਪ੍ਰੋਫੈਸਰ, ਵਕੀਲ ਤੇ ਡਾਕਟਰ; ਜਜ ਤੇ ਜਰਨੈਲ, ਕਿਸਾਨ ਤੇ ਸਨਅਤਕਾਰ, ਗਲ ਕੀ ਹਰ ਸ਼੍ਰੇਣੀ ਦੇ ਸਿਖ ਹੁਣ ਆਪਣੇ ਹਿਤਾਂ ਦੀ ਰਾਖੀ ਲਈ ਹਰ ਸੰਘਰਸ਼ ਵਿਚ ਜੀਅ ਜਾਨ ਨਾਲ ਆਪਣਾ ਹਿਸਾ ਪਾਉਣ ਲਈ ਤਿਆਰ ਹਨ ।

ਇਹ ਵੀ ਸਪਸ਼ਟ ਹੈ ਅਕਾਲੀ ਦਲ ਦਾ ਸਾਰਾ ਸੰਘਰਸ਼ ਸੰਵਿਧਾਨਕ, ਪ੍ਰਜਾਤੰਤ੍ਰੀ, ਸ਼ਾਂਤੀ ਪੂਰਣ ਤਰੀਕਿਆਂ ਤੇ ਅਧਾਰਤ ਹੈ ਅਤੇ ਇਸ ਸਫਲਤਾ ਦਾ ਸਾਰਾ ਸੇਹਰਾ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀ ਦੂਰ-ਦ੍ਰਿਸ਼ਟਤਾ ਤੇ ਸੁਚਜੀ ਅਗਵਾਈ ਨੂੰ ਜਾਂਦਾ ਹੈ ।

ਹੁਣ ਵੀ ਸਮਾਂ ਹੈ ਕਿ ਭਾਰਤ ਸਰਕਾਰ ਪੰਜਾਬ ਵਿਚ ਸਿਖਾਂ ਵਿਰੁਧ ਕੀਤੇ ਦਮਨ ਚਕਰ ਨੂੰ ਖ਼ਤਮ ਕਰੇ ਅਤੇ ਸੌੜੇ ਤੇ ਨਿਜੀ ਸਿਆਸੀ ਹਿਤਾਂ ਪਿਛੇ ਪੰਜਾਬ ਨੂੰ ਤੇ ਸਮੁਚੇ ਭਾਰਤ ਵਰਸ਼ ਨੂੰ ਤਬਾਹ ਹੋਣ ਤੋਂ ਬਚਾ ਲਵੇ । ਪੁਲਿਸ, ਨੀਮ ਫੌਜੀ ਜਾਂ ਫੌਜੀ ਤਾਕਤਾਂ ਲੋਕਾਂ ਦੀ ਆਵਾਜ਼ ਨੂੰ ਨਹੀਂ ਕੁਚਲ ਸਕਦੀਆਂ । ਤਸ਼ੱਦਦ ਤੋਂ ਤਸ਼ੱਦਦ ਹੀ ਉਭਰਦਾ ਹੈ । ਅਸੀਂ ਹੁਣ ਵੀ ਸੈਂਟਰਲ ਲੀਡਰਸ਼ਿਪ ਤੋਂ ਸਿਆਣਪ ਦੀ ਕਾਮਨਾ ਕਰਦੇ ਹਾਂ ।

ਸਮੇਂ ਦੀ ਅਹਿਮ ਲੋੜ ਹੈ ਕਿ ਭਾਰਤ ਸਰਕਾਰ ਮੌਕੇ ਦੀ ਨਜ਼ਾਕਤ ਨੂੰ ਸਮਝੇ ਅਤੇ ਸਿਖਾਂ ਦੇ ਜਜ਼ਬਾਤਾਂ ਅਨੁਸਾਰ ਉਹਨਾਂ ਦੀਆਂ ਹਕੀ ਮੰਗਾਂ ਨੂੰ ਬਿਨਾਂ ਹੋਰ ਦੇਰ

ਕੀਤਿਆਂ ਮੰਨ ਲਵੇ। ਨਹੀਂ ਤਾਂ ਉਹ ਦਿਨ ਦੂਰ ਨਹੀਂ ਕਿ ਸਿਖਾਂ ਦਾ ਵਿਧਾਨਿਕ ਤਰੀਕਿਆਂ ਤੋਂ ਵਿਸ਼ਵਾਸ ਉਠੰ ਜਾਵੇਗਾ ਤੇ ਉਹ ਭਾਰਤੀ ਵਿਧਾਨ ਵਿਰੁਧ ਬੇ-ਵਿਸਾਹੀ ਪ੍ਰਗਟ ਕਰਨ ਲਈ ਮਜਬੂਰ ਹੋ ਜਾਣਗੇ।

ਪ੍ਰੋਫੈਸਰ ਜਸਪਾਲ ਸਿੰਘ ਨੇ
ਨੈਸ਼ਨਲ ਪ੍ਰੈਸ ਆਫ ਇੰਡੀਆ,ਚਾਂਦਨੀ ਚੌਕ, ਦਿੱਲੀ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ



# ਅਪੀਲ

ਪੰਜਾਬ ਦੀ ਸਮਸਿਆ ਅਜ ਦੀ ਸਭ ਤੋਂ ਅਹਿਮ ਤੇ ਭਖ਼ਵੀਂ ਸਮਸਿਆ ਹੈ। ਦੇਸ਼ ਦੀ ਅਖੰਡਤਾ ਤੇ ਅਸਤਿਤੱਵ ਦੀ ਸਲਾਮਤੀ ਲਈ ਪੰਜਾਬ ਦਾ ਮਸਲਾ ਬਿਨਾਂ ਹੋਰ ਦੇਰ ਕੀਤਿਆਂ ਹਲ ਹੋ ਜਾਣਾ ਚਾਹੀਦਾ ਹੈ। ਸਿਖਾਂ ਦੇ ਸਬਰ ਦਾ ਪਿਆਲਾ ਲਬਾ-ਲਬ ਭਰ ਚੁਕਾ ਹੈ ਅਤੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਫੁਰਮਾਨ ਅਨੁਸਾਰ ਜਦੋਂ ਹੋਰ ਸਾਰੇ ਹੀਲੇ ਬੇਅਸਰ ਹੋ ਜਾਣ ਤਾਂ ਸ਼ਮਸ਼ੀਰ ਚੁਕਣਾ ਸਿਖ ਦਾ ਫਰਜ਼ ਹੈ :

ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰੇ ਦਸਤ।

ਸਿਖਾਂ ਦਾ ਇਤਿਹਾਸ ਕੁਰਬਾਨੀਆਂ ਦਾ ਇਤਿਹਾਸ ਹੈ। ਹਰ ਸਿਖ ਪੰਜਾਬ ਤੇ ਸਿਖਾਂ ਦੇ ਸਾਂਝੇ ਹਿਤਾਂ ਤੇ ਹੱਕਾਂ ਲਈ ਹਰ ਕੁਰਬਾਨੀ ਕਰਨ ਲਈ ਤੱਤਪਰ ਹੈ।

ਮੇਰੀ ਬੇਨਤੀ ਹੈ ਕਿ ਅਜ, ਜਦ ਕਿ ਸਾਰੀ ਸਿੱਖ ਕੌਮ ਇਕ ਲੰਮੇ ਇਮਤਿਹਾਨ ਦੇ ਨਾਜ਼ਕ ਦੌਰ ਚੋਂ ਗੁਜ਼ਰ ਰਹੀ ਹੈ, ਹਰ ਸਿੱਖ ਤੇ ਗੁਰੂ ਨਾਨਕ ਨਾਮ ਲੇਵਾ ਪੰਜਾਬੀ ਨੂੰ ਸਾਰੇ ਜ਼ਾਤੀ ਮੁਫ਼ਾਦ ਤਿਆਗ ਕੇ, ਕੇਸਰੀ ਨਿਸ਼ਾਨ ਥਲੇ, ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਇਕੱਤ੍ਰ ਹੋ ਕੇ ਹਰ ਸੰਘਰਸ਼ ਲਈ ਤਿਆਰ ਬਰ-ਤਿਆਰ ਹੋਣਾ ਚਾਹੀਦਾ ਹੈ।

ਪ੍ਰੋਫੈਸਰ ਜਸਪਾਲ ਸਿੰਘ
ਮੈਂਬਰ
—ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
—ਅੰਤ੍ਰਿੰਗ ਕਮੇਟੀ, ਦਿੱਲੀ-ਸ਼੍ਰੋਮਣੀ ਅਕਾਲੀ ਦਲ ਸ੍ਰੀ ਅੰਮ੍ਰਿਤਸਰ

ਪ੍ਰੋ: ਜਸਪਾਲ ਸਿੰਘ ਨੇ ਨੈਸ਼ਨਲ ਪ੍ਰੈਸ ਆਫ ਇੰਡੀਆ, ਚਾਂਦਨੀ ਚੌਕ, ਦਿੱਲੀ ਤੋਂ ਛਪਵਾ ਕੇ 8/6478, ਦੇਵ ਨਗਰ, ਨਵੀਂ ਦਿਲੀ-110005 (ਫੋਨ-581081) ਤੋਂ ਪ੍ਰਕਾਸ਼ਿਤ ਕੀਤਾ